# SANTA CLARA ਕਾਉਂਟੀ

## ਚੋਣ ਪ੍ਰਸ਼ਾਸਨ ਯੋਜਨਾ

# ਵਿਸ਼ਾ-ਸਾਰਨੀ


ਭੂਮਿਕਾ ........ 4

ਭਾਗ 1 – ਚੋਣ ਪ੍ਰਸ਼ਾਸਨ ਯੋਜਨਾ ........ 7

ਡਾਕ ਰਾਹੀਂ ਵੋਟ (VBM) ਪ੍ਰਕਿਰਿਆ ........ 7

ਪਹੁੰਚਯੋਗ ਡਾਕ ਰਾਹੀਂ ਵੋਟ ........ 8

ਬੈਲਟ ਡ੍ਰੌਪ-ਔਫ਼ ਟਿਕਾਣੇ ........ 9

ਵੋਟ ਕੇਂਦਰ ........ 12

ਵੋਟਰ ਰਜਿਸਟ੍ਰੇਸ਼ਨ ........ 14

ਬਦਲਵਾਂ ਬੈਲਟ ........ 15

ਆਰਜ਼ੀ ਵੋਟਿੰਗ ........ 15

ਵੋਟ ਕੇਂਦਰਾਂ ਵਿੱਚ ਪਹੁੰਚਯੋਗ ਵੋਟਿੰਗ ........ 16

ਭਾਸ਼ਾ ਸੰਬੰਧੀ ਸਹਾਇਤਾ ........ 17

ਵੋਟ ਕੇਂਦਰ ਦੀ ਸਥਾਪਨਾ ਸੰਬੰਧੀ ਵਿਚਾਰ ........ 18

ਚੋਣ ਅਧਿਕਾਰੀਆਂ ਦਾ ਗਠਨ ........ 19

ਇਲੈਕਟ੍ਰੋਨਿਕ ਪੋਲਬੁੱਕ (ਈ-ਪੋਲਬੁੱਕ) ........ 20

ਪਹੁੰਚ ........ 21

ਜਨਤਕ ਸਲਾਹ-ਮਸ਼ਵਰਾ ........ 21

ਚੋਣ ਪ੍ਰਸ਼ਾਸਨ ਯੋਜਨਾ (EAP) ਦੀ ਵਿਕਾਸ ਸਮਾਂਰੇਖਾ ........ 23

ਜਨਤਕ ਨੋਟਿਸ ........ 24

ਭਾਸ਼ਾ ਪਹੁੰਚਯੋਗਤਾ ਅਤੇ ਵੋਟਿੰਗ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀਆਂ ........ 25

ਭਾਗ 2 – ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ........ 27

ਸੈਕਸ਼ਨ 1: ਵੋਟਰ ਸੰਪਰਕ – ਸਧਾਰਨ ........ 27

ਮੀਡੀਆ ਦੀ ਵਰਤੋਂ ........ 27

ਭਾਈਚਾਰੇ ਵਿੱਚ ਮੌਜੂਦਗੀ ਸੰਬੰਧੀ ਯੋਜਨਾ ਅਤੇ ਵੋਟਰ ਸਿੱਖਿਆ ਸਮੱਗਰੀ ........ 29

ਸਿੱਧੀਆਂ ਡਾਕਾਂ ........ 30

ROV ਦੀ ਵੈੱਬਸਾਈਟ ‘ਤੇ ਵੋਟਰ ਸਿੱਖਿਆ ਸੰਬੰਧੀ ਸਰੋਤ ........ 31

ਸੈਕਸ਼ਨ 2: ਵੋਟਰ ਸੰਪਰਕ – ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰੇ ........ 31

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਪਛਾਣਨਾ ........................................ 31

ਅਲਪਸੰਖਿਅਕ ਭਾਸ਼ਾਵਾਂ ਵਾਲੇ ਉਹ ਭਾਈਚਾਰੇ ਜਿਨ੍ਹਾਂ ਨੂੰ ਸਹਿਯੋਗ ਪ੍ਰਦਾਨ ਕਰਨਾ ਹੈ ........................................ 32

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਲਈ ਵੋਟਰ ਸਿੱਖਿਆ ਵਰਕਸ਼ਾਪ ........................................ 32

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਸੇਧਿਤ ਕਰਨ ਲਈ ਮੀਡੀਆ ਦੀ ਵਰਤੋਂ ........................................ 32

ਚੋਣ ਅਧਿਕਾਰੀ ........................................ 34

ਸੈਕਸ਼ਨ 3: ਵੋਟਰ ਸੰਪਰਕ – ਅਸਮਰਥਤਾਵਾਂ ਵਾਲੇ ਵੋਟਰ ........................................ 35

ਅਸਮਰਥਤਾਵਾਂ ਵਾਲੇ ਵੋਟਰਾਂ ਦੀਆਂ ਲੋੜਾਂ ਨੂੰ ਪਛਾਣਨ ਲਈ ਵਰਤੀਆਂ ਜਾਣ ਵਾਲੀਆਂ ਵਿਧੀਆਂ ........................................ 35

ਅਸਮਰੱਥਾ ਵਾਲੇ ਭਾਈਚਾਰੇ ਤੱਕ ਪਹੁੰਚ ........................................ 36

ਅਸਮਰਥਤਾਵਾਂ ਵਾਲੇ ਵੋਟਰਾਂ ਲਈ ਸੇਵਾਵਾਂ ........................................ 36

ਅਸਮਰੱਥਾ ਵਾਲੇ ਭਾਈਚਾਰੇ ਲਈ ਵੋਟਰ ਸਿੱਖਿਆ ਵਰਕਸ਼ਾਪ ........................................ 37

ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸਿਖਲਾਈ ਦੇਣ ਲਈ ਵਰਤੀ ਜਾਂਦੀ ਡ੍ਰਾਫ਼ਟ ਸਮੱਗਰੀ ........................................ 37

ਚੋਣ ਅਧਿਕਾਰੀ ........................................ 37

ਸੈਕਸ਼ਨ 4: ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਾ ਜਾਣਕਾਰੀ ........................................ 38

ਵੋਟ ਕੇਂਦਰ ਟਿਕਾਣੇ ........................................ 38

ਬੈਲਟ ਡ੍ਰੌਪ-ਔਫ਼ ਟਿਕਾਣੇ ........................................ 39

ਰੋਕਥਾਮ ਸੰਬੰਧੀ ਉਪਾਅ ........................................ 40

ਅਚਨਚੇਤਤਾ ਸੰਬੰਧੀ ਯੋਜਨਾ (ਬੈਕਅੱਪ ਪਲਾਨ) ........................................ 40

ਸੈਕਸ਼ਨ 5: ਵੋਟ ਕੇਂਦਰ ਬੈਲਟ ਸੁਰੱਖਿਆ ਅਤੇ ਪਰਦੇਦਾਰੀ ਯੋਜਨਾਵਾਂ ........................................ 41

ਵੋਟ ਕੇਂਦਰ ਦਾ ਡਿਜ਼ਾਈਨ ਅਤੇ ਖਾਕਾ ........................................ 41

ਵੋਟਿੰਗ ਸੁਰੱਖਿਆ ........................................ 41

ਸੈਕਸ਼ਨ 6 – ਬਜਟ ........................................ 42

# ਭੂਮਿਕਾ

California ਦੇ ਵੋਟਰ ਪਸੰਦ ਅਧਿਨਿਯਮ (VCA), ਜਾਂ ਸੈਨੇਟ ਬਿੱਲ (SB) 450 (Allen, D-26) ‘ਤੇ 29 ਸਤੰਬਰ, 2016 ਨੂੰ ਕਨੂੰਨੀ ਤੌਰ ‘ਤੇ ਦਸਤਖ਼ਤ ਕੀਤੇ ਗਏ ਸਨ, ਜਿਸ ਅਨੁਸਾਰ California ਚੋਣ ਕੋਡ ਵਿੱਚ ਧਾਰਾ 4005 ਸ਼ਾਮਲ ਕੀਤੀ ਗਈ ਸੀ, ਜਿਸ ਨਾਲ ਅਧਿਕਾਰਤ ਕਾਉਂਟੀਆਂ ਨੂੰ, ਕੁਝ ਜ਼ਰੂਰਤਾਂ ਨਾਲ, ਉਨ੍ਹਾਂ ਦੇ ਸੁਪਰਵਾਈਜ਼ਰਾਂ ਦੇ ਬੋਰਡ ਤੋਂ ਮਨਜ਼ੂਰੀ ਮਿਲਣ ‘ਤੇ ਡਾਕ ਦੁਆਰਾ ਚੋਣਾਂ ਕਰਵਾਉਣ ਦੀ ਇਜਾਜ਼ਤ ਦਿੱਤੀ ਗਈ ਸੀ। VCA ਦੇ ਤਹਿਤ, ਸਾਰੇ ਵੋਟਰਾਂ ਨੂੰ ਚੋਣ ਵਾਲੇ ਦਿਨ ਤੋਂ 29 ਦਿਨ ਪਹਿਲਾਂ ਡਾਕ ਰਾਹੀਂ ਇੱਕ ਬੈਲਟ (ਮਤਪੱਤਰ) ਭੇਜਿਆ ਜਾਏਗਾ, ਅਤੇ ਹਰੇਕ ਕਾਉਂਟੀ ਜਨਤਾ ਦੀ ਰਾਇ ਦੇ ਨਾਲ, ਕਾਉਂਟੀ ਵਿੱਚ ਬਹੁਤ ਸਾਰੇ ਬੈਲਟ ਡ੍ਰੌਪ-ਔਫ਼ ਸਥਾਨ ਅਤੇ ਵੋਟ ਕੇਂਦਰ ਸਥਾਪਤ ਕਰੇਗੀ ਜਿੱਥੇ ਕਾਉਂਟੀ ਦਾ ਕੋਈ ਵੀ ਵੋਟਰ ਆਪਣੀ ਵੋਟ ਪਾ ਸਕਦਾ ਹੈ। ਇਹ ਵਿਧਾਨ ਬਹੁਤ ਸਾਰੇ ਅਜਿਹੇ ਚੋਣ ਸੁਧਾਰਾਂ ਵਿੱਚੋਂ ਇੱਕ ਸੀ ਜੋ ਵੋਟਿੰਗ ਦੇ ਵਿਕਲਪਾਂ ਨੂੰ ਵਧਾ ਕੇ ਵੋਟਰਾਂ ਦੀ ਭਾਗੀਦਾਰੀ ਅਤੇ ਵੋਟਰਾਂ ਦੀ ਸ਼ਮੂਲੀਅਤ ਨੂੰ ਵਧਾਉਣ ਲਈ ਚੋਣਾਂ ਕਿਵੇਂ ਕਰਵਾਈਆਂ ਜਾ ਸਕਦੀਆਂ ਹਨ, ਉਨ੍ਹਾਂ ਤਰੀਕਿਆਂ ਨੂੰ ਬਦਲਣ ਲਈ ਤਿਆਰ ਕੀਤਾ ਗਿਆ ਸੀ।

VCA ਤੋਂ ਪਹਿਲਾਂ, ਚੋਣਾਂ ਰਵਾਇਤੀ ਪੋਲਿੰਗ ਪਲੇਸ ਮਾਡਲ ਦੇ ਤਹਿਤ ਕਰਵਾਈਆਂ ਜਾਂਦੀਆਂ ਸਨ। ਇਹ ਡਾਕ ਰਾਹੀਂ ਵੋਟ ਪਾਉਣਾ ਅਤੇ ਪੋਲਿੰਗ ਦੀ ਥਾਂ ਦੇ ਪ੍ਰਸ਼ਾਸਨ ਦਾ ਇੱਕ ਸੰਯੁਕਤ ਮਾਡਲ ਸੀ। ਚੋਣ ਕੋਡ §12261(a) ਕਾਉਂਟੀ ਦੇ ਚੋਣ ਅਧਿਕਾਰੀਆਂ ਲਈ ਲਾਜ਼ਮੀ ਬਣਾਉਂਦਾ ਹੈ ਕਿ ਵੱਧ ਤੋਂ ਵੱਧ 1000 ਵੋਟਰਾਂ ਲਈ ਵੋਟ ਪਾਉਣ ਵਾਲੇ ਪ੍ਰਿਸਿੰਕਟ (ਖੇਤਰ) ਦੀ ਸਥਾਪਨਾ ਕੀਤੀ ਜਾਏ ਅਤੇ ਹਰੇਕ ਲਈ ਇੱਕ ਵੱਖਰੀ ਵੋਟਿੰਗ ਦੀ ਥਾਂ ਹੋਵੇ (ਇਹ ਉਹ ਡੇਟਾ ਵੀ ਹੁੰਦਾ ਹੈ ਜੋ ਕਾਉਂਟੀ ਅਤੇ ਰਾਜ ਨੂੰ ਹਰੇਕ ਵੋਟਿੰਗ ਪ੍ਰਿਸਿੰਕਟ ਦੇ ਅਨੁਸਾਰ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਦੀ ਇਜਾਜ਼ਤ ਦਿੰਦਾ ਹੈ)। ਅਜਿਹੇ ਵਿਅਕਤੀ ਜਿਨ੍ਹਾਂ ਨੂੰ ਸਰੀਰਕ ਤੌਰ ‘ਤੇ ਕੋਈ ਅਯੋਗਤਾ ਹੈ, ਸਿਰਫ਼ ਉਹ ਹੀ ਸਥਾਈ ਡਾਕ ਰਾਹੀਂ ਵੋਟ ਪਾਉਣ ਵਾਲੇ ਵੋਟਰਾਂ ਦੀ ਸੂਚੀ 'ਤੇ ਹੋ ਸਕਦੇ ਹਨ; ਨਹੀਂ ਤਾਂ ਬਾਕੀ ਕੋਈ ਵੀ ਵਿਅਕਤੀ ਜੋ ਡਾਕ ਰਾਹੀਂ ਵੋਟ ਪਾਉਣਾ ਚਾਹੁੰਦਾ ਹੈ, ਉਸਨੂੰ ਹਰੇਕ ਚੋਣ ਲਈ ਇੱਕ ਬੇਨਤੀ ਜਮ੍ਹਾਂ ਕਰਨੀ ਹੋਵੇਗੀ। ਅਜਿਹਾ ਵੋਟਰ ਜਿਸ ਨੇ ਡਾਕ ਦੁਆਰਾ ਵੋਟ ਨਹੀਂ ਪਾਈ ਸੀ ਉਸ ਨੂੰ ਉਹਨਾਂ ਦੇ ਨਿਰਧਾਰਿਤ ਵੋਟਿੰਗ ਸਥਾਨ ‘ਤੇ ਵੋਟ ਪਾਉਣੀ ਚਾਹੀਦੀ ਸੀ ਜੋ ਉਹਨਾਂ ਦੇ ਵੋਟਿੰਗ ਪ੍ਰਿਸਿੰਕਟ ਅਤੇ ਬੈਲਟ ਦੀ ਕਿਸਮ ਦੇ ਆਧਾਰ ‘ਤੇ ਵੱਖੋ-ਵੱਖਰਾ ਸੀ।

ਫਿਰ, 2002 ਵਿੱਚ, California ਚੋਣ ਕੋਡ ਨੇ ਡਾਕ ਰਾਹੀਂ ਵੋਟ ਪਾਉਣ ਦਾ ਵਿਸਤਾਰ ਕੀਤਾ ਅਤੇ ਕਿਸੇ ਨੂੰ ਵੀ ਸਥਾਈ ਡਾਕ ਰਾਹੀਂ ਵੋਟ ਪਾਉਣ ਵਾਲਾ ਵੋਟਰ ਬਣਨ ਦੀ ਇਜਾਜ਼ਤ ਦਿੱਤੀ। ਇਸ ਵਿਸਤਾਰ ਨਾਲ ਵੋਟਰਾਂ ਦੇ ਵਤੀਰੇ ਵਿੱਚ ਤਬਦੀਲੀ ਆਈ ਜਿੱਥੇ ਹੁਣ Santa Clara ਕਾਉਂਟੀ ਦੇ ਜ਼ਿਆਦਾਤਰ ਵੋਟਰ ਆਪਣੀ ਨਿਰਧਾਰਿਤ ਵੋਟਿੰਗ ਵਾਲੀ ਥਾਂ 'ਤੇ ਵਿਅਕਤੀਗਤ ਤੌਰ 'ਤੇ ਜਾਕੇ ਵੋਟ ਪਾਉਣ ਦੀ ਬਜਾਏ ਡਾਕ ਰਾਹੀਂ ਵੋਟ ਪਾਉਣ ਦੀ ਬੇਨਤੀ ਕਰ ਰਹੇ ਹਨ। ਉਹ ਵਿਅਕਤੀ ਜੋ ਸਥਾਈ ਤੌਰ ‘ਤੇ ਡਾਕ ਰਾਹੀਂ ਵੋਟ ਪਾਉਣ ਵਾਲੇ ਵੋਟਰਾਂ ਵਜੋਂ ਰਜਿਸਟਰਡ ਹਨ, ਉਹਨਾਂ ਨੂੰ ਚੋਣਾਂ ਤੋਂ ਤਕਰੀਬਨ 29 ਦਿਨ ਪਹਿਲਾਂ ਉਹਨਾਂ ਦਾ ਬੈਲਟ ਭੇਜ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਕੋਲ ਆਪਣਾ ਬੈਲਟ ਵਾਪਸ ਕਰਨ ਲਈ ਚੋਣਾਂ ਦੀ ਸਮਾਪਤੀ ਵਾਲੇ ਸਮੇਂ ਤੱਕ ਕਿਸੇ ਵੋਟਿੰਗ ਦੀ ਥਾਂ 'ਤੇ, ਬੈਲਟ ਡ੍ਰੌਪ-ਔਫ਼ ਦੀ ਥਾਂ 'ਤੇ ਜਾਂ ਡਾਕ ਦੁਆਰਾ ਆਪਣਾ ਬੈਲਟ ਵਾਪਸ ਭੇਜਣ ਦੀ ਸੁਵਿਧਾ ਹੈ।

VCA ਨੂੰ ਲਾਗੂ ਕਰਨ ਨਾਲ, ਚੋਣਾਂ ਇੱਕ ਨਵੇਂ ਵੋਟ ਕੇਂਦਰ ਮਾਡਲ ਦੇ ਤਹਿਤ ਕਰਵਾਈਆਂ ਜਾਣਗੀਆਂ। ਇਸ ਨਵੇਂ ਮਾਡਲ ਨਾਲ, *ਹਰੇਕ* ਰਜਿਸਟਰਡ ਵੋਟਰ ਡਾਕ ਰਾਹੀਂ ਵੋਟ ਪਾਉਣ ਵਾਲਾ ਵੋਟਰ ਹੋਵੇਗਾ ਅਤੇ ਉਸ ਨੂੰ ਚੋਣ ਵਾਲੇ ਦਿਨ ਤੋਂ 29 ਦਿਨ ਪਹਿਲਾਂ ਸ਼ੁਰੂ ਕਰਦਿਆਂ ਹੋਇਆਂ ਡਾਕ ਵਿੱਚ ਇੱਕ ਅਧਿਕਾਰਤ ਡਾਕ ਰਾਹੀਂ ਵੋਟ ਬੈਲਟ ਪ੍ਰਾਪਤ ਹੋਵੇਗਾ। ਵੋਟਰ ਆਪਣੇ ਬੈਲਟ ਇਨ੍ਹਾਂ ਤਿੰਨ ਤਰੀਕਿਆਂ ਚੋਂ ਕਿਸੇ ਵੀ ਇੱਕ ਰਾਹੀਂ ਵਾਪਸ ਭੇਜ ਸਕਦੇ ਹਨ: ਡਾਕ ਰਾਹੀਂ (ਡਾਕ-ਟਿਕਟ ਅਦਾ ਕੀਤੀ ਗਈ ਹੁੰਦੀ ਹੈ), ਕਿਸੇ ਵੀ ਬੈਲਟ ਡ੍ਰੌਪ-ਔਫ਼ ਦੀ ਥਾਂ 'ਤੇ, ਜਾਂ

ਕਾਉਂਟੀ ਵਿੱਚ ਬਣੇ ਕਿਸੇ ਵੋਟ ਕੇਂਦਰ 'ਤੇ। ਵੋਟਰ ਇਹ ਵੀ ਚੋਣ ਕਰ ਸਕਦੇ ਹਨ ਕਿ ਉਹ ਆਪਣਾ ਡਾਕ ਰਾਹੀਂ ਵੋਟ ਬੈਲਟ ਵਾਪਸ ਨਾ ਕਰਨ ਅਤੇ ਇਸਦੀ ਬਜਾਏ ਵੋਟਰਾਂ ਦੇ ਰਜਿਸਟਰਾਰ (ROV) ਦੇ ਦਫ਼ਤਰ ਵਿੱਚ ਜਾ ਕੇ ਜਾਂ Santa Clara ਕਾਉਂਟੀ ਵਿੱਚ ਬਣੇ *ਕਿਸੇ* ਵੋਟ ਕੇਂਦਰ 'ਤੇ ਜਾ ਕੇ ਬੈਲਟ ਪ੍ਰਾਪਤ ਕਰਕੇ ਵਿਅਕਤੀਗਤ ਤੌਰ 'ਤੇ ਵੋਟ ਪਾਉਣ।

ਇਹ ਵੋਟ ਕੇਂਦਰ ਮਾਡਲ ਸਥਾਈ ਤੌਰ 'ਤੇ ਡਾਕ ਰਾਹੀਂ ਵੋਟ ਪਾਉਣ ਵਾਲੇ ਵੋਟਰਾਂ ਲਈ ਕੁਝ ਖਾਸ ਬਦਲਾਵ ਨਹੀਂ ਕਰੇਗਾ। ਇਹ ਮੁੱਖ ਤੌਰ ਤੇ ਉਨ੍ਹਾਂ ਵੋਟਰਾਂ ਲਈ ਪ੍ਰਕਿਰਿਆਵਾਂ ਨੂੰ ਬਦਲਦਾ ਹੈ ਜੋ ਆਮ ਤੌਰ 'ਤੇ ਆਪਣਾ ਵੋਟ ਪਾਉਣ ਲਈ ਚੋਣ ਵਾਲੇ ਦਿਨ ਨਿਰਧਾਰਿਤ ਪੋਲਿੰਗ ਦੀ ਥਾਂ 'ਤੇ ਜਾਂਦੇ ਸੀ। ਹੁਣ, ਵੋਟਰਾਂ ਕੋਲ ਵੋਟ ਪਾਉਣ ਲਈ ਸਿਰਫ਼ ਇੱਕ ਟਿਕਾਣਾ ਹੋਣ ਦੀ ਬਜਾਏ, ਕਾਉਂਟੀ ਵਿਚਲੇ ਵੋਟ ਕੇਂਦਰ ਹੁਣ *ਸਾਰੇ* ਰਜਿਸਟਰਡ ਵੋਟਰਾਂ ਲਈ ਖੁਲ੍ਹੇ ਹੋਣਗੇ।

ਇਸ ਚੋਣ ਪ੍ਰਸ਼ਾਸਨ ਯੋਜਨਾ (EAP) ਵਿੱਚ ਅਜਿਹੀ ਸਮੱਗਰੀ ਸ਼ਾਮਲ ਹੈ ਜੋ ਇਹ ਸਮਝਣ ਲਈ ਅਹਿਮ ਹੈ ਕਿ ਇਸ ਤਬਦੀਲੀ ਨਾਲ ਵੋਟਰ ਕਿਵੇਂ ਪ੍ਰਭਾਵਿਤ ਹੋਣਗੇ। EAP ਡ੍ਰਾਫ਼ਟ ਦੇ ਪੂਰਾ ਹੋ ਜਾਣ 'ਤੇ, ROV ਵੱਲੋਂ ਇਸ ਯੋਜਨਾ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਜਨਤਕ ਟਿੱਪਣੀਆਂ, ਵਿਚਾਰ ਅਤੇ ਸੁਝਾਅ ਮੰਗੇ ਜਾਣਗੇ। ਹਰੇਕ ਆਗਾਮੀ EAP ਡ੍ਰਾਫ਼ਟ ਨੂੰ ਪੋਸਟ ਕਰਨ ਤੋਂ ਬਾਅਦ, ਜਨਤਾ ਨੂੰ ਜਨਤਕ ਟਿੱਪਣੀ ਮਿਆਦ ਪ੍ਰਦਾਨ ਕੀਤੀ ਜਾਵੇਗੀ ਜਿਸ ਵਿੱਚ ਉਹ EAP ਬਾਰੇ ਆਪਣੇ ਵਿਚਾਰ, ਅਤੇ ਬਦਲਾਵਾਂ ਦੀ ਪੇਸ਼ਕਸ਼ ਕਰ ਸਕਣਗੇ, ਜਿਸ ਅੰਦਰ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ਼ ਲਈ ਚੁਣੀਆਂ ਗਈਆਂ ਥਾਵਾਂ ਵੀ ਸ਼ਾਮਲ ਹਨ। ਜਨਤਕ ਟਿੱਪਣੀ ਮਿਆਦ ਪੂਰੀ ਹੋ ਜਾਣ ਤੋਂ ਬਾਅਦ, ਕਾਉਂਟੀ ਦੀ ਅੰਤਿਮ EAP ਨੂੰ ਰਸਮੀ ਤੌਰ 'ਤੇ ਅਪਣਾਇਆ ਜਾਵੇਗਾ ਅਤੇ ਮਨਜ਼ੂਰੀ ਲਈ California ਸੈਕ੍ਰੇਟਰੀ ਔਫ਼ ਸਟੇਟ (SOS) ਦੇ ਸਪੁਰਦ ਕੀਤਾ ਜਾਵੇਗਾ।

ਇਸ ਨੂੰ ਹੋਰ ਪੱਕਾ ਕਰਨ ਲਈ ਕਿ ਸਮੁਦਾਇ VCA ਦੀਆਂ ਤਬਦੀਲੀਆਂ ਬਾਰੇ ਪੂਰੀ ਤਰ੍ਹਾਂ ਨਾਲ ਸੂਚਿਤ ਹੈ, ROV ਵੱਲੋਂ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਅਤੇ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦੋਵਾਂ ਦਾ ਗਠਨ ਕੀਤਾ ਗਿਆ। VAAC ਦਾ ਉਦੇਸ਼ ਬਜ਼ੁਰਗਾਂ ਅਤੇ ਅਸਮਰਥਤਾਵਾਂ ਵਾਲੇ ਵਿਅਕਤੀਆਂ ਲਈ ਚੋਣਾਂ ਦੀ ਪ੍ਰਕਿਰਿਆ ਤੱਕ ਪਹੁੰਚਯੋਗਤਾ ਸੰਬੰਧੀ ਸਲਾਹ ਦੇਣਾ, ਇਸ ਵਿੱਚ ਹੋਣ ਵਾਲੇ ਸੁਧਾਰਾਂ ਵਿੱਚ ਸਹਿਯੋਗ ਕਰਨਾ, ਅਤੇ ਇਸ ਸੰਬੰਧੀ ਸਿਫ਼ਾਰਸ਼ਾਂ ਪ੍ਰਦਾਨ ਕਰਨਾ ਹੈ। VAAC ਦਾ ਮਿਸ਼ਨ ਹਰ ਵੋਟਰ ਨੂੰ ਵੋਟ ਪਾਉਣ ਦਾ ਇੱਕ ਸੁਤੰਤਰ ਅਤੇ ਨਿੱਜੀ ਮੌਕਾ ਪ੍ਰਦਾਨ ਕਰਨਾ ਹੈ। LAAC ਦਾ ਉਦੇਸ਼ ਉਹਨਾਂ ਵੋਟਰਾਂ ਲਈ, ਜੋ ਅੰਗਰੇਜ਼ੀ ਤੋਂ ਇਲਾਵਾਂ ਕੋਈ ਹੋਰ ਭਾਸ਼ਾਵਾਂ ਬੋਲਦੇ ਹਨ, ਚੋਣਾਂ ਦੀ ਪ੍ਰਕਿਰਿਆ ਤੱਕ ਭਾਸ਼ਾ ਪਹੁੰਚਯੋਗਤਾ ਸਬੰਧੀ ਆਉਣ ਵਾਲੇ ਮਸਲਿਆਂ ਨੂੰ ਸੁਲਝਾਉਣ ਦੇ ਲਈ ਸਲਾਹ ਦੇਣਾ, ਸਹਿਯੋਗ ਕਰਨਾ, ਅਤੇ ਸਿਫ਼ਾਰਸ਼ਾਂ ਪ੍ਰਦਾਨ ਕਰਨਾ ਹੈ। ਕਿਸੇ ਵੀ ਤਰ੍ਹਾਂ ਦੇ ਭਾਸ਼ਾ ਪਹੁੰਚਯੋਗਤਾ ਸੰਬੰਧੀ ਮੌਕਿਆਂ ਵਿੱਚ ਸੁਧਾਰ ਕਰਨ ਵਿੱਚ ਸਹਿਯੋਗ ਕਰਨਾ ਹੀ LAAC ਦਾ ਮਿਸ਼ਨ ਹੈ। ਦੋਵੇਂ ਕਮੇਟੀਆਂ ROV ਨੂੰ ਮਹੱਤਵਪੂਰਨ ਮਾਰਗ-ਦਰਸ਼ਨ ਦੀ ਪੇਸ਼ਕਸ਼ ਕਰਦੀਆਂ ਹਨ ਅਤੇ ਇਹ ਵੋਟਰਾਂ ਤੱਕ ਪਹੁੰਚ ਅਤੇ ਕਾਉਂਟੀ ਲਈ ਚੋਣ ਪ੍ਰਸ਼ਾਸਨ, ਦੋਵਾਂ ਦਾ ਮੂਲ ਅੰਗ ਹਨ। ROV ਵੱਲੋਂ LAAC ਜਾਂ VAAC ਦੀ ਸਦੱਸਤਾ ਲਈ ਨਿਰੰਤਰ ਰੂਪ ਵਿੱਚ ਅਰਜੀਆਂ ਲਈਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਕਿਸੇ ਵੀ ਕਮੇਟੀ ਦੀ ਸਦੱਸਤਾ ਲਈ ਦਰਖ਼ਾਸਤ ਦੇਣ ਲਈ, ਅਰਜ਼ੀ ROV ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ: www.sccvote.org/voterschoice.

ROV ਵੱਲੋਂ ਆਪਣੇ ਵੋਟਰ ਸਿੱਖਿਆ ਪ੍ਰੋਗਰਾਮ ਦਾ ਹੋਰ ਵਿਸਤਾਰ ਕਰਨ ਲਈ ਵੋਟਰ ਸਿੱਖਿਆ ਅਤੇ ਪਹੁੰਚ ਗਠਜੋੜ (VEOC) ਨੂੰ ਸਥਾਪਤ ਕਰਨ ਦੀ ਵੀ ਯੋਜਨਾ ਬਣਾਈ ਜਾ ਰਹੀ ਹੈ, ਤਾਂ ਕਿ ਵਸਨੀਕਾਂ ਨੂੰ VCA ਅਤੇ ਸਮੁਦਾਇ ਦੀ ਸ਼ਮੂਲੀਅਤ ਦੇ ਮੌਕਿਆਂ ਬਾਰੇ ਸੂਚਿਤ ਕੀਤਾ ਜਾ ਸਕੇ। EAP ਵਿੱਚ ਇਹਨਾਂ ਕਮੇਟੀਆਂ ਅਤੇ ਹੋਰ ਭਾਈਵਾਲ ਸੰਸਥਾਵਾਂ ਦੇ ਵਿਚਾਰ ਅਤੇ ਜਾਣਕਾਰੀ ਸ਼ਾਮਲ ਹੁੰਦੀ ਹੈ। ਭਾਈਚਾਰੇ ਦਾ ਸਹਿਯੋਗ ਪ੍ਰਾਪਤ ਕਰਨਾ VCA ਅਤੇ Santa Clara ਕਾਉਂਟੀ ਵਿਖੇ ਚੋਣਾਂ ਕਰਵਾਉਣ ਲਈ ਨਵੀਂ ਕਾਰਜ-ਵਿਧੀ ਦੇ ਸਫਲਤਾਪੂਰਵਕ ਲਾਗੂਕਰਨ ਲਈ ਬਹੁਤ ਅਹਿਮ ਹੋਵੇਗਾ।

VCA ਦੇ ਅਧੀਨ ਪਹਿਲੀ ਵਾਰ 3 ਮਾਰਚ, 2020 ਨੂੰ ਰਾਸ਼ਟਰਪਤੀ ਦੀਆਂ ਮੁਢਲੀਆਂ ਚੋਣਾਂ ਹੋਣਗੀਆਂ। ਇਹ ਦਸਤਾਵੇਜ਼ Santa Clara ਕਾਉਂਟੀ ਦੀ ਮੌਜੂਦਾ ਅਤੇ ਭਵਿੱਖੀ ਚੋਣਾਂ ਲਈ VCA ਨੂੰ ਲਾਗੂ ਕਰਨ ਦੀ ਯੋਜਨਾ ਨੂੰ ਦਰਸਾਉਣ ਵਾਲੀ ਇੱਕ ਗਾਈਡ ਹੈ। ਹਵਾਲੇ ਲਈ, ਕਿਸੀ ਵੀ ਤਕਨੀਕੀ ਜਾਂ ਚੋਣਾਂ ਸੰਬੰਧੀ ਵਿਸ਼ੇਸ਼ ਸ਼ਬਦਾਂ ਨੂੰ ਅੰਤਕਾ A ਵਿਚਲੀ ਸ਼ਬਦਾਵਲੀ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੀ ਇੱਕ ਸੂਚੀ ਅੰਤਕਾ R ਵਿੱਚ ਦੇਖੀ ਜਾ ਸਕਦੀ ਹੈ।

# ਭਾਗ 1 – ਚੋਣ ਪ੍ਰਸ਼ਾਸਨ ਯੋਜਨਾ

ਹਰ ਉਹ ਕਾਉਂਟੀ ਜੋ ਵੋਟਰ ਪਸੰਦ ਅਧਿਨਿਯਮ (VCA) ਨੂੰ ਲਾਗੂ ਕਰ ਰਹੀ ਹੈ, ਉਸ ਲਈ ਇੱਕ ਚੋਣ ਪ੍ਰਸ਼ਾਸਨ ਯੋਜਨਾ (EAP) ਨੂੰ ਡ੍ਰਾਫ਼ਟ ਕਰਨਾ ਲਾਜ਼ਮੀ ਹੈ, ਜਿਸ ਵਿੱਚ ਇਹਨਾਂ ਤਬਦੀਲੀਆਂ ਨਾਲ ਵੋਟਰਾਂ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਸਮਝਣ ਸੰਬੰਧੀ ਅਹਿਮ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ। EAP ਨੂੰ ਦੋ ਭਾਗਾਂ ਵਿੱਚ ਵੰਡਿਆ ਜਾਵੇਗਾ: ਭਾਗ 1 - ਚੋਣ ਪ੍ਰਸ਼ਾਸਨ ਅਤੇ ਭਾਗ 2 – ਸਿੱਖਿਆ ਅਤੇ ਪਹੁੰਚ ਯੋਜਨਾ।

## ਡਾਕ ਰਾਹੀਂ ਵੋਟ (VBM) ਪ੍ਰਕਿਰਿਆ

EAP ਵਿੱਚ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ਼ ਦੀਆਂ ਥਾਵਾਂ ਅਤੇ ਸਮਿਆਂ ਬਾਰੇ ਜਾਣਕਾਰੀ, ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਅਤੇ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦੀ ਸਥਾਪਨਾ ਸੰਬੰਧੀ ਜਾਣਕਾਰੀ, ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਸੰਬੰਧੀ ਜਾਣਕਾਰੀ, ਜਨਤਕ ਇਨਪੁੱਟ ਅਤੇ ਸੂਚਨਾ ਸੰਬੰਧੀ ਵਿਚਾਰ, ਅਤੇ ਹੋਰ ਸੰਬੰਧਿਤ ਸਮੱਗਰੀ ਸ਼ਾਮਲ ਹੁੰਦੀ ਹੈ।

ਵੋਟ ਕੇਂਦਰ ਮਾਡਲ ਵਿੱਚ, ਸਾਰੇ ਰਜਿਸਟਰਡ ਵੋਟਰ ਡਾਕ ਰਾਹੀਂ ਵੋਟ ਪਾਉਣ ਵਾਲੇ ਵੋਟਰ ਬਣ ਜਾਣਗੇ ਅਤੇ ਉਹਨਾਂ ਨੂੰ ਡਾਕ ਰਾਹੀਂ ਵੋਟ ਪੈਕੇਟ ਭੇਜੇ ਜਾਣਗੇ। ਵੋਟਰਾਂ ਨੂੰ ਪੈਕੇਟ ਇੱਕ ਚਿੱਟੇ ਲਿਫਾਫੇ ਵਿੱਚ ਭੇਜਿਆ ਜਾਵੇਗਾ ਜਿਸ ਵਿੱਚ ਹੇਠਾਂ ਲਿਖੀਆਂ ਚੀਜ਼ਾਂ ਸ਼ਾਮਲ ਹੋਣਗੀਆਂ:

- ਵੋਟ ਨੂੰ ਵਾਪਸ ਭੇਜਣ ਲਈ ਇੱਕ ਨੀਲਾ ਲਿਫਾਫਾ
- ਅਧਿਕਾਰਤ ਬੈਲਟ, ਜੋ ਕਿ ਚੋਣਾਂ ਵਾਸਤੇ ਹੋਣ ਵਾਲੇ ਮੁਕਾਬਲਿਆਂ ਦੀ ਗਿਣਤੀ ਦੇ ਆਧਾਰ 'ਤੇ ਬਹੁ-ਗਿਣਤੀ ਬੈਲਟ ਕਾਰਡਾਂ ਵਿੱਚ ਵੀ ਹੋ ਸਕਦਾ ਹੈ
- ਇੱਕ ਸ਼ੀਟ ਜਿਸ ਅੰਦਰ ਬੈਲਟ ਨੂੰ ਪੂਰਾ ਕਰਨ ਅਤੇ ਇਸ ਨੂੰ ਵਾਪਸ ਭੇਜਣ ਬਾਰੇ ਹਿਦਾਇਤਾਂ ਸ਼ਾਮਲ ਹੁੰਦੀਆਂ ਹਨ
- ਇੱਕ ਸ਼ੀਟ ਜਿਸ ਵਿੱਚ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਦੀਆਂ ਥਾਵਾਂ ਅਤੇ ਉਹਨਾਂ ਦੇ ਖੁੱਲ੍ਹੇ ਰਹਿਣ ਦੇ ਸਮਿਆਂ ਬਾਰੇ ਜਾਣਕਾਰੀ ਹੋਵੇਗੀ
- ਇੱਕ "I Voted" (ਮੈਂ ਵੋਟ ਪਾਇਆ ਹੈ) ਸਟਿੱਕਰ
- ਇੱਕ ਵਾਧੂ ਸ਼ੀਟ ਜਿਸ ਵਿੱਚ ਵਧੇਰੀ ਜਾਣਕਾਰੀ ਸ਼ਾਮਲ ਹੋਵੇਗੀ, ਜੇ ਲੋੜੀਂਦੀ ਹੋਵੇ ਤਾਂ

ਸਾਰੇ ਬੈਲਟ ਸਯੁੰਕਤ ਰਾਜ ਪੋਸਟਲ ਸੇਵਾ ਰਾਹੀਂ ਚੋਣਾਂ ਵਾਲੇ ਦਿਨ ਤੋਂ 29 ਦਿਨ ਪਹਿਲਾਂ ਭੇਜਣੇ ਸ਼ੁਰੂ ਕੀਤੇ ਜਾਣਗੇ। ਵੋਟਰ ਜਲਦ ਹੀ ਆਪਣੇ ਡਾਕ ਰਾਹੀਂ ਵੋਟ ਪੈਕੇਟ ਪ੍ਰਾਪਤ ਕਰਨੇ ਸ਼ੁਰੂ ਕਰ ਦੇਣਗੇ।

ਇੱਕ ਵਾਰ ਉਹਨਾਂ ਦੇ ਆਪਣਾ ਡਾਕ ਰਾਹੀਂ ਵੋਟ ਬੈਲੇਟ ਪੂਰਾ ਕਰ ਲੈਣ 'ਤੇ, ਵੋਟਰ ਆਪਣਾ ਬੈਲਟ ਪ੍ਰਦਾਨ ਕੀਤੇ ਹੋਏ ਡਾਕ ਟਿਕਟ ਅਦਾ ਕੀਤੇ ਲਿਫਾਫੇ ਵਿੱਚ ਪਾ ਕੇ ਸਧਾਰਨ ਡਾਕ ਰਾਹੀਂ ਵਾਪਸ ਕਰ ਸਕਦਾ ਹੈ, ਜਾਂ ਕਿਸੇ ਵੋਟ ਕੇਂਦਰ ਜਾਂ ਬੈਲਟ ਡ੍ਰੌਪ-ਔਫ਼ ਵਾਲੀ ਥਾਂ 'ਤੇ ਵੀ ਵਾਪਸ ਕਰ ਸਕਦਾ ਹੈ। ਸਾਰੇ ਵੋਟ ਕੇਂਦਰ ਬੈਲਟ ਡ੍ਰੌਪ-ਔਫ਼ ਵਾਲੀਆਂ ਥਾਂਵਾਂ ਵਜੋਂ ਵੀ ਕੰਮ ਕਰਨਗੇ, ਜਦੋਂ ਕਿ ਕੁਝ ਬੈਲਟ ਡ੍ਰੌਪ-ਔਫ਼ ਵਾਲੀਆਂ ਥਾਂਵਾਂ ਸਿਰਫ਼ ਡ੍ਰੌਪ-ਔਫ਼ ਹੀ ਸਵੀਕਾਰ ਕਰਨਗੀਆਂ ਅਤੇ ਕਾਉਂਟੀ ਦੇ ਨਿਰਧਾਰਿਤ ਖੇਤਰਾਂ ਵਿੱਚ ਸਥਾਪਤ ਕੀਤੀਆਂ ਜਾਣਗੀਆਂ।

ਜੇਕਰ ਕਿਸੇ ਵੋਟਰ ਨੂੰ ਬੈਲਟ ਸਮੇਂ ਸਿਰ ਨਹੀਂ ਮਿਲਦਾ, ਜਾਂ ਉਹਨਾਂ ਤੋਂ ਆਪਣੇ ਬੈਲਟ ਵਿੱਚ ਕੋਈ ਗਲਤੀ ਹੋ ਜਾਂਦੀ ਹੈ, ਤਾਂ ਉਹ ਆਪਣਾ ਬੈਲਟ ਬਦਲਣ ਦੀ ਬੇਨਤੀ ਕਰ ਸਕਦੇ ਹਨ। ਉਹਨਾਂ ਨੂੰ ਇੱਕ ਬਦਲਵੇਂ ਬੈਲਟ ਨਾਲ ਨਵਾਂ ਡਾਕ ਰਾਹੀਂ ਵੋਟ ਪੈਕੇਟ ਡਾਕ ਰਾਹੀਂ ਭੇਜ ਦਿੱਤਾ ਜਾਵੇਗਾ। ਜੇਕਰ ਉਹ ਆਪਣਾ ਬੈਲਟ ਚੋਣ ਵਾਲੇ ਦਿਨ ਤੋਂ ਸੱਤ ਦਿਨ ਪਹਿਲਾਂ ਤੋਂ ਵੀ ਘੱਟ ਸਮੇਂ ਅੰਦਰ ਬਦਲਵਾਉਣਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਇੱਕ ਨਵਾਂ ਬੈਲਟ ਲੈਣ ਲਈ ਵੋਟਰਾਂ ਦੇ ਰਜਿਸਟਰਾਰ (ROV) ਦੇ ਦਫ਼ਤਰ, ਜਾਂ ਕਿਸੇ ਵੋਟ ਕੇਂਦਰ ਵਿੱਚ ਜਾਣਾ ਪਵੇਗਾ।

ਉਹਨਾਂ ਰਜਿਸਟਰਡ ਵੋਟਰਾਂ ਲਈ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਨੂੰ ਛੱਡ ਕੇ ਕੋਈ ਹੋਰ ਭਾਸ਼ਾ ਬੋਲਦੇ ਹਨ, ਬੈਲਟ ਅੱਠ ਭਾਸ਼ਾਵਾਂ ਵਿੱਚ ਉਪਲਬਧ ਕਰਵਾਏ ਜਾਣਗੇ: ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਖਮੇਰ, ਕੋਰੀਆਈ, ਹਿੰਦੀ ਅਤੇ ਜਪਾਨੀ। ਇਹਨਾਂ ਭਾਸ਼ਾਵਾਂ ਵਿੱਚੋਂ, ਵੋਟਰ ਆਪਣੀ ਤਰਜੀਹੀ ਭਾਸ਼ਾ, ਵੋਟ ਲਈ ਰਜਿਸਟਰ ਕਰਨ ਵੇਲੇ, ਰਜਿਸਟ੍ਰੇਸ਼ਨ ਫ਼ਾਰਮ ਵਿੱਚ ਨਿਰਧਾਰਿਤ ਕਰ ਸਕਦੇ ਹਨ। ਬੈਲਟ ਅਤੇ ਡਾਕ ਰਾਹੀਂ ਵੋਟ ਸੰਬੰਧੀ ਸਮਾਨ ਉਹਨਾਂ ਨੂੰ ਉਹਨਾਂ ਦੀ ਤਰਜੀਹੀ ਭਾਸ਼ਾ ਵਿੱਚ ਭੇਜਿਆ ਜਾਵੇਗਾ। ਵੋਟਰ ਆਪਣੀ ਤਰਜੀਹੀ ਭਾਸ਼ਾ ਨੂੰ ਬਦਲਣ ਦੀ ਬੇਨਤੀ ਕਰਨ ਲਈ ROV ਦਫ਼ਤਰ ਨੂੰ ਫ਼ੋਨ ((408) 299-VOTE), ਫੈਕਸ ((408) 998-7314), ਈਮੇਲ (voterinfo@rov.sccgov.org) ਰਾਹੀਂ ਸੰਪਰਕ ਕਰ ਸਕਦੇ ਹਨ, ਜਾਂ ਵਿਅਕਤੀਗਤ ਤੌਰ 'ਤੇ ਮਿਲ ਸਕਦੇ ਹਨ, ਜਾਂ ਵੋਟਰ ਕਾਰਵਾਈ ਬੇਨਤੀ ਫ਼ਾਰਮ (VARF) ਰਾਹੀਂ ਵੀ ਬੇਨਤੀ ਕਰ ਸਕਦੇ ਹਨ। ਵੋਟਰ VARF ਨੂੰ ROV ਦਫ਼ਤਰ ਤੋਂ ਖੁਦ ਜਾ ਕੇ ਵੀ ਲੈ ਸਕਦਾ ਹੈ, ਜਾਂ ਇਹ ਉਹਨਾਂ ਨੂੰ ਈਮੇਲ, ਫੈਕਸ, ਜਾਂ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ। ਵਿਕਲਪਿਕ ਤੌਰ 'ਤੇ, VARF ਨੂੰ ROV ਦੀ ਵੈੱਬਸਾਈਟ 'ਤੇ ਅਤੇ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਦੇ ਅੰਦਰ ਵੀ ਦੇਖਿਆ ਜਾ ਸਕਦਾ ਹੈ।

## ਪਹੁੰਚਯੋਗ ਡਾਕ ਰਾਹੀਂ ਵੋਟ

ਵੋਟਰ ROV ਦਫ਼ਤਰ ਨਾਲ ਸੰਪਰਕ ਕਰਕੇ ਵੋਟਿੰਗ ਦੇ ਸਮਾਨ ਨੂੰ ਪਹੁੰਚਯੋਗ ਫਾਰਮੈਟ ਵਿੱਚ ਪ੍ਰਾਪਤ ਕਰਨ ਦੀ ਵੀ ਬੇਨਤੀ ਕਰ ਸਕਦੇ ਹਨ। ਇੱਕ ਵਾਰ ਵੋਟਰ ਦੇ ਇਹ ਬੇਨਤੀ ਕਰਨ 'ਤੇ, ਉਹਨਾਂ ਨੂੰ ਇੱਕ ਸਥਾਈ ਸੂਚੀ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ ਅਤੇ ਹਰੇਕ ਚੋਣਾਂ ਵੇਲੇ ਉਹਨਾਂ ਨੂੰ ਪਹੁੰਚਯੋਗ ਵੋਟਿੰਗ ਸਮਾਨ ਭੇਜਿਆ ਜਾਵੇਗਾ। ਉਹਨਾਂ ਨੂੰ ਸਿਰਫ਼ ਅਕਿਰਿਆਸ਼ੀਲ ਹੋਣ 'ਤੇ, ਕਾਉਂਟੀ ਵਿੱਚੋਂ ਬਾਹਰ ਚਲੇ ਜਾਣ 'ਤੇ, ਮੁਜਰਮਾਂ ਦੀ ਸੂਚੀ ਵਿੱਚ ਸ਼ਾਮਲ ਹੋ ਜਾਣ 'ਤੇ, ਜਾਂ ਮੌਤ ਹੋ ਜਾਣ 'ਤੇ ਸੂਚੀ ਵਿੱਚੋਂ ਬਾਹਰ ਕੱਢਿਆ ਜਾਂਦਾ ਹੈ।

ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਸਿਸਟਮ ਦੀ ਵਰਤੋਂ ਕਰਨਾ, ਇੱਕ ਹੋਰ ਪਹੁੰਚਯੋਗ ਵਿਕਲਪ ਜਿਸਦੀ ਵੋਟਰ ਬੇਨਤੀ ਕਰ ਸਕਦੇ ਹਨ। RAVBM ਸਿਸਟਮ ਨੂੰ ਖਾਸ ਤੌਰ 'ਤੇ ਅਸਮਰਥਤਾਵਾਂ ਵਾਲੇ ਰਜਿਸਟਰਡ ਵੋਟਰਾਂ ਦੀ ਵਰਤੋਂ ਲਈ ਨਿਯਤ ਕੀਤਾ ਗਿਆ ਹੈ, ਅਤੇ ਨਾਲ ਹੀ ਇਸਦੀ ਵਰਤੋਂ ਫੌਜ ਵਿੱਚ ਸ਼ਾਮਲ ਲੋਕ ਅਤੇ ਕਿਸੇ ਦੂਜੇ ਦੇਸ਼ ਵਿੱਚ ਰਹਿਣ ਵਾਲੇ ਵੋਟਰ ਵੀ ਕਰ ਸਕਦੇ ਹਨ[1]। RAVBM ਵੋਟਰਾਂ ਨੂੰ ਲਿੰਕ ਵਾਲੀ ਇੱਕ ਈਮੇਲ ਭੇਜੀ ਜਾਵੇਗੀ, ਜਿਸ ਤੋਂ ਉਹ ਆਪਣੇ ਅਧਿਕਾਰਤ ਬੈਲਟ ਤੱਕ ਪਹੁੰਚ ਕਰ ਸਕਣਗੇ, ਅਤੇ ਨਾਲ ਹੀ ਉਸ ਵਿੱਚ ਪ੍ਰਿੰਟ ਕਰਨ, ਬੈਲਟ ਨੂੰ ਪੂਰਾ ਕਰਨ, ਅਤੇ ਚੋਣ ਦੇ ਦਿਨ ਤੱਕ ROV ਨੂੰ ਵਾਪਸ ਕਰਨ ਸੰਬੰਧੀ ਹਿਦਾਇਤਾਂ ਸ਼ਾਮਲ ਹੋਣਗੀਆਂ। ਜਿਵੇਂ ਕਿ ਕਿਸੇ ਵੀ ਰਜਿਸਟਰਡ ਵੋਟਰ ਨਾਲ ਹੁੰਦਾ ਹੈ, RAVBM ਵੋਟਰ ਵੀ ਆਪਣਾ ਬੈਲਟ ਤਿੰਨ ਤਰੀਕਿਆਂ ਨਾਲ ਵਾਪਸ ਕਰ ਸਕਦਾ ਹੈ: ਸਧਾਰਨ ਡਾਕ ਰਾਹੀਂ, ਬੈਲਟ ਡ੍ਰੌਪ-ਔਫ਼ ਵਿੱਚ ਆਪਣਾ ਬੈਲਟ ਪਾ ਕੇ, ਜਾਂ ਕਿਸੇ ਵੋਟ ਕੇਂਦਰ ਵਿੱਚ ਇਸ ਨੂੰ ਵਾਪਸ ਕਰਕੇ।

ਵਾਪਸ ਕਰਨ ਦਾ ਤਰੀਕਾ ਭਾਵੇਂ ਕੋਈ ਵੀ ਹੋਵੇ, ਪਰ ਬੈਲਟ ਇੱਕ ਲਿਫਾਫੇ ਵਿੱਚ ਵਾਪਸ ਕੀਤੇ ਜਾਣੇ ਚਾਹੀਦੇ ਹਨ। ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਵੋਟਰ ਨੀਲੇ ਰੰਗ ਦੇ ਵਾਪਸੀ ਵਾਲੇ ਲਿਫਾਫੇ ਦੀ ਵਰਤੋਂ ਕਰਨ ਜੋ ਡਾਕ ਰਾਹੀਂ ਵੋਟ ਲਿਫਾਫੇ ਵਿੱਚ ਸ਼ਾਮਲ ਸੀ। ਉਹ ਬੈਲਟ ਵਾਪਸੀ ਲਿਫ਼ਾਫਿਆਂ ਨੂੰ ਬਦਲਣ ਦੀ ਬੇਨਤੀ ਕਰਨ ਵਾਸਤੇ ROV ਦੇ ਟੋਲ ਫ੍ਰੀ ਨੰਬਰ (866) 430-8683 'ਤੇ ਕਾੱਲ ਕਰ ਸਕਦੇ ਹਨ, ਜਾਂ ਕਿਸੇ ROV ਦਫ਼ਤਰ ਜਾਂ ਵੋਟ ਕੇਂਦਰ 'ਤੇ ਜਾ ਕੇ ਇਸ ਨੂੰ ਲੈ ਸਕਦੇ ਹਨ। ਬਦਲਵੇਂ ਬੈਲਟ ਵਾਪਸੀ ਲਿਫਾਫੇ ਬੈਲਟ ਡ੍ਰੌਪ-ਬੌਕਸਾਂ 'ਤੇ ਵੀ ਉਪਲਬਧ ਹੋਣਗੇ। ਵੋਟਰ ਆਪਣਾ ਲਿਫਾਫਾ ਵਰਤਣ ਦੀ ਚੋਣ ਵੀ ਕਰ ਸਕਦੇ ਹਨ, ਪਰ ਇੰਝ ਕਰਨ 'ਤੇ ਉਹਨਾਂ ਨੂੰ ਪ੍ਰਿੰਟ ਕੀਤਾ ਅਤੇ

[1] California ਚੋਣ ਕੋਡ §303.3 ਦੇਖੋ

ਦਸਤਖ਼ਤ ਕੀਤਾ ਵੋਟਰ ਦਾ ਸਹੁੰ ਵਾਲਾ ਪੰਨਾ ਬੈਲਟ ਦੇ ਨਾਲ ਨੱਥੀ ਕਰਨਾ ਪਵੇਗਾ। ਜੇਕਰ ਵਾਪਸੀ ਸਧਾਰਨ ਡਾਕ ਰਾਹੀਂ ਕੀਤੀ ਜਾ ਰਹੀ ਹੈ, ਤਾਂ ਨੀਲੇ ਬੈਲਟ ਵਾਪਸੀ ਵਾਲੇ ਲਿਫਾਫੇ ਲਈ ਡਾਕ ਟਿਕਟਾਂ ਦੀ ਲੋੜ ਨਹੀਂ ਪਵੇਗੀ, ਪਰ ਜੇ ਤੁਸੀਂ ਆਪਣਾ ਲਿਫਾਫਾ ਵਰਤ ਰਹੇ ਹੋ ਤਾਂ ਉਚਿਤ ਡਾਕ ਟਿਕਟਾਂ ਲਗਾਉਣ ਦੀ ਲੋੜ ਹੋਵੇਗੀ।

ਹਸਪਤਾਲ ਵਿੱਚ ਦਾਖ਼ਲ ਅਤੇ ਅਯੋਗ ਵੋਟਰਾਂ ਲਈ, ਅਤੇ ਨਾਲ ਹੀ ਉਹਨਾਂ ਵੋਟਰਾਂ ਲਈ ਜੋ ਕਿਸੇ ਡਾਕਟਰੀ ਸੰਕਟਕਾਲ ਕਰਕੇ ਆਪਣੇ ਘਰ ਵਿੱਚੋਂ ਬਾਹਰ ਨਹੀਂ ਆ ਸਕਦੇ, ਸੰਕਟਕਾਲੀਨ ਬੈਲਟ ਡਿਲੀਵਰੀ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ, ਜਦੋਂ ਵੋਟਰਾਂ ਨੂੰ ਬੈਲਟ ਦੀ ਲੋੜ ਹੁੰਦੀ ਹੈ ਪਰ ਉਹ ਆਪ ਆ ਕੇ ਉਸਨੂੰ ਪ੍ਰਾਪਤ ਨਹੀਂ ਕਰ ਸਕਦੇ। ਜਲਦੀ ਵੋਟ ਪਾਉਣ ਦੀ ਅਰਜ਼ੀ (ਅੰਤਕਾ B) ਨੂੰ ਭਰ ਕੇ ਵਾਪਸ ਕਰਨਾ ਹੁੰਦਾ ਹੈ ਤਾਂ ਕਿ ROV ਦੀ ਚੋਣ ਜਾਣਕਾਰੀ ਪ੍ਰਬੰਧਕ ਪਣਾਲੀ (EIMS) ਰਾਹੀਂ ਮੌਜੂਦਾ ਰਜਿਸਟ੍ਰੇਸ਼ਨ ਅਤੇ ਦਸਤਖ਼ਤ ਮਿਲਾਨ ਕਰਕੇ ਇਸਦੀ ਪੁਸ਼ਟੀ ਕੀਤੀ ਜਾ ਸਕੇ। ਰਜਿਸਟਰਡ ਵੋਟਰ ਲਈ ਜਲਦੀ ਵੋਟ ਪਾਉਣ ਦੀ ਅਰਜ਼ੀ ਨੂੰ ਪੂਰਾ ਕਰਨਾ, ਉਸ ‘ਤੇ ਦਸਤਖ਼ਤ ਕਰਨੇ, ਅਤੇ ਤਾਰੀਖ਼ ਪਾਉਣੀ ਲਾਜ਼ਮੀ ਹੈ। ਜੇਕਰ ਵੋਟਰ ਅਰਜ਼ੀ ‘ਤੇ ਦਸਤਖ਼ਤ ਨਹੀਂ ਕਰ ਸਕਦਾ, ਤਾਂ ਕੋਈ ਦੂਜਾ ਵਿਅਕਤੀ ਵੋਟਰ ਦੀ “X” ਦਾ ਨਿਸ਼ਾਨ ਲਗਾ ਕੇ ਦਸਤਖ਼ਤ ਕਰਨ ਵਿੱਚ ਮਦਦ ਕਰ ਸਕਦਾ ਹੈ। ਜੋ ਵਿਅਕਤੀ ਵੋਟਰ ਦੀ ਮਦਦ ਕਰ ਰਿਹਾ ਹੈ, ਉਸਨੂੰ ਲਿਖਣਾ ਚਾਹੀਦਾ ਹੈ “ਮੌਜੂਦ ਗਵਾਹ”, ਫਿਰ ਉਸਨੂੰ ਆਪਣਾ ਨਾਮ ਲਿਖ ਕੇ ਆਪਣੇ ਨਾਮ ਦੇ ਦਸਤਖ਼ਤ ਕਰਨੇ ਚਾਹੀਦੇ ਹਨ। ਵੋਟਰ ਵੱਲੋਂ ਫਿਰ ਉਸ ਵਿਅਕਤੀ ਦੇ ਹੱਥ ਆਪਣੀ ਪੂਰੀ ਕੀਤੀ ਜਲਦ ਵੋਟ ਪਾਉਣ ਦੀ ਅਰਜ਼ੀ ਨੂੰ ROV ਨੂੰ ਭੇਜਿਆ ਜਾਵੇਗਾ। ROV ਵੱਲੋਂ ਵੋਟਰ ਦੀ ਜਾਣਕਾਰੀ ਅਤੇ ਦਸਤਖ਼ਤ ਦੀ ਪੁਸ਼ਟੀ EIMS ਵਿੱਚ ਕੀਤੀ ਜਾਵੇਗੀ, ਅਤੇ ਇੱਕ ਵਾਰ ਪੁਸ਼ਟੀ ਹੋਣ ‘ਤੇ, ਵੋਟਰ ਨੂੰ ਇੱਕ ਬੈਲਟ ਜਾਰੀ ਕੀਤਾ ਜਾ ਸਕਦਾ ਹੈ ਅਤੇ ਇੱਕ ਸੰਪੂਰਨ ਡਾਕ ਰਾਹੀਂ ਵੋਟ ਪੈਕੇਜ ਤਿਆਰ ਕੀਤਾ ਜਾਂਦਾ ਹੈ। ਫਿਰ ਉਹ ਵਿਅਕਤੀ ਜੋ ਵੋਟਰ ਦੀ ਮਦਦ ਕਰ ਰਿਹਾ ਹੈ, ਇਹ ਬੈਲਟ ਉਸ ਵੋਟਰ ਦੇ ਸੰਬੰਧਿਤ ਟਿਕਾਣੇ ‘ਤੇ ਲੈ ਕੇ ਜਾਵੇਗਾ। ਇੱਕ ਵਾਰ ਪੂਰਾ ਹੋਣ ‘ਤੇ, ਬੈਲਟ ਨੂੰ ROV ਵਿਖੇ ਬਾਕੀ ਦੇ ਡਾਕ ਰਾਹੀਂ ਵੋਟ ਬੈਲਟਾਂ ਦੇ ਪਰਤਣ ਦੀ ਸਮਾਂ-ਸੂਚੀ ਦੇ ਅਨੁਸਾਰ ਵਾਪਸ ਭੇਜਿਆ ਜਾ ਸਕਦਾ ਹੈ।

ਕਾਉਂਟੀ ਜੇਲ ਦੇ ਵਿੱਚ ਬੰਦ ਸਜਾ ਭੁਗਤ ਰਹੇ ਵੋਟਰ ਵੀ ਸੰਕਟਕਾਲੀਨ ਬੈਲਟ ਡਿਲੀਵਰੀ ਵਿਧੀ ਦੀ ਵਰਤੋਂ ਕਰ ਸਕਦੇ ਹਨ। ਰਾਜ ਅਤੇ ਸੰਘੀ ਜੇਲਾਂ ਦੇ ਵਿੱਚ ਬੰਦ ਸਜਾ-ਯੁਕਤ ਵੋਟਰ ਕਨੂੰਨ ਅਨੁਸਾਰ ਵੋਟ ਪਾਉਣ ਦੇ ਯੋਗ ਨਹੀਂ ਹਨ।

## ਬੈਲਟ ਡ੍ਰੌਪ-ਔਫ਼ ਟਿਕਾਣੇ

ਸੈਕ੍ਰੇਟਰੀ ਔਫ਼ ਸਟੇਟ (SOS) ਵੱਲੋਂ ਜਾਰੀ ਕੀਤੀ ਫਰਵਰੀ 2019 ਦੀ ਰਜਿਸਟ੍ਰੇਸ਼ਨ ਰਿਪੋਰਟ ਦੇ ਅਨੁਸਾਰ, Santa Clara ਕਾਉਂਟੀ ਦੀ ਯੋਗ ਵੋਟਰ ਜਨਸੰਖਿਆ ਲਗਭਗ 1.2 ਮਿਲੀਅਨ ਹੈ। ਇਸ ਸਮੇਂ, ਕਾਉਂਟੀ ਵਿੱਚ ਤਕਰੀਬਨ 910,000 ਲੋਕ ਵੋਟ ਪਾਉਣ ਲਈ ਰਜਿਸਟਰਡ ਹਨ। ROV ਦੇ ਅਨੁਮਾਨ ਮੁਤਾਬਕ ਮਾਰਚ 2020 ਦੀਆਂ ਰਾਸ਼ਟਰਪਤੀ ਦੀਆਂ ਮੁਢਲੀਆਂ ਚੋਣਾਂ ਤੱਕ ਇਹ ਨੰਬਰ 1 ਮਿਲੀਅਨ ਰਜਿਸਟਰਡ ਵੋਟਰਾਂ ਤੱਕ ਪਹੁੰਚ ਜਾਵੇਗਾ। ਇਹਨਾਂ ਨੰਬਰਾਂ ਦੀ ਵਰਤੋਂ ਕਰਦੇ ਹੋਏ California ਚੋਣ ਕੋਡ ਵੱਲੋਂ ਕੁਝ ਮਾਪਦੰਡ ਸੈੱਟ ਕੀਤੇ ਜਾਂਦੇ ਹਨ ਜਿਸ ਦੇ ਅਨੁਸਾਰ ਕਾਉਂਟੀ ਵਾਸਤੇ ਵੋਟਰਾਂ ਨੂੰ ਬੈਲਟ ਡ੍ਰੌਪ-ਔਫ਼ ਟਿਕਾਣੇ ਮੁਹੱਈਆ ਕਰਵਾਉਣੇ ਲਾਜ਼ਮੀ ਹੁੰਦੇ ਹਨ।

- ਹਰ 15,000 ਰਜਿਸਟਰਡ ਵੋਟਰਾਂ ਪਿੱਛੇ ਇੱਕ (1) ਬੈਲਟ ਡ੍ਰੌਪ-ਔਫ਼ ਟਿਕਾਣਾ ਹੋਣਾ ਜ਼ਰੂਰੀ ਹੈ, ਜੋ ਕਿ ਚੋਣਾਂ ਵਾਲੇ ਦਿਨ ਤੋਂ 28 ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਨੂੰ ਮਿਲਾ ਕੇ, ਕੁੱਲ 29 ਦਿਨਾਂ ਲਈ ਉਪਲਬਧ ਰਹਿਣਾ ਚਾਹੀਦਾ ਹੈ। ਸੁਝਾਏ ਗਏ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੀ ਸੀਮਾਵਾਂ ਦਾ ਨਕਸ਼ਾ ਦੇਖਣ ਲਈ ਅੰਤਕਾ C ਦੇਖੋ।

ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ ਸੁਝਾਏ ਰਜਿਸਟਰਡ ਵੋਟਰਾਂ ਦੇ ਅਨੁਮਾਨਿਤ ਨੰਬਰਾਂ ਦੇ ਅਨੁਸਾਰ, ਡ੍ਰੌਪ-ਔਫ਼ ਟਿਕਾਣਿਆਂ ਦੀ ਲੋੜੀਂਦੀ ਘੱਟੋ-ਘੱਟ ਗਿਣਤੀ 67 ਹੈ। ਕੁੱਲ 91 ਡ੍ਰੌਪ-ਬੌਕਸ ਟਿਕਾਣਿਆਂ ਦੇ ਟੀਚੇ ਨੂੰ ਲੈਕੇ ROV ਦੀ ਯੋਜਨਾ ਹਰੇਕ ਜ਼ਿਲ੍ਹੇ ਵਿੱਚ ਘੱਟੋ-ਘੱਟ ਇੱਕ ਡ੍ਰੌਪ-ਔਫ਼ ਟਿਕਾਣਾ ਪ੍ਰਦਾਨ ਕਰਨ ਦੀ ਹੈ। ਸੁਝਾਏ ਗਏ ਮੌਜੂਦਾ ਡ੍ਰੌਪ-ਬੌਕਸ ਟਿਕਾਣਿਆਂ ਦੀ ਸੂਚੀ ਅਤੇ ਉਹਨਾਂ ਦੇ ਖੁਲ੍ਹੇ ਰਹਿਣ ਦੇ ਸਮਿਆਂ ਲਈ ਅੰਤਕਾ D ਦੇਖੋ।

| ਸੀਮਾ ਸ਼੍ਰੇਣੀ | ਘੱਟੋ-ਘੱਟ ਲੋੜਾਂ | ਸੁਝਾਈ ਗਿਆ[2] ਨੰਬਰ |
|---|---|---|
| ਬੈਲਟ ਡ੍ਰੌਪ-ਔਫ਼ ਟਿਕਾਣੇ<br>(ਹਰ 15,000 ਰਜਿਸਟਰਡ ਵੋਟਰਾਂ ਲਈ 1) | 67 | 91 |

ਬੈਲਟ ਡ੍ਰੌਪ-ਬੌਕਸਾਂ ਲਈ ਸਭ ਤੋਂ ਵਧੀਆ ਟਿਕਾਣੇ ਨਿਰਧਾਰਿਤ ਕਰਨ ਲਈ, ROV ਨੇ SOS ਅਤੇ ਚੋਣ ਕੋਡ ਵੱਲੋਂ ਲਾਜ਼ਮੀ ਕੀਤੇ 14 ਮਾਪਦੰਡ ਦੀ ਵਰਤੋਂ ਕੀਤੀ ਤਾਂ ਜੋ ਵੋਟ ਕੇਂਦਰ ਟਿਕਾਣਿਆਂ ਲਈ ਸਭ ਤੋਂ ਪ੍ਰਭਾਵਸ਼ਾਲੀ ਥਾਵਾਂ ਨਿਰਧਾਰਿਤ ਕੀਤੀਆਂ ਜਾ ਸਕਣ। ਇਹਨਾਂ 14 ਮਾਪਦੰਡਾਂ ਨੇ ROV ਦੀ ਕਾਉਂਟੀ ਦੇ ਅੰਦਰ ਬੈਲਟ ਡ੍ਰੌਪ-ਬੌਕਸਾਂ ਲਈ ਸਭ ਤੋਂ ਜ਼ਿਆਦਾ ਪਹੁੰਚਯੋਗਤਾ ਵਾਲੇ ਉਪਲਬਧ ਟਿਕਾਣੇ ਲੱਭਣ ਵਿੱਚ ਸਹਾਇਤਾ ਕੀਤੀ। ਇਹਨਾਂ ਮਾਪਦੰਡਾਂ ਵਿੱਚ ਸ਼ਾਮਲ ਹੈ:

1. ਜਨਤਕ ਆਵਾਜਾਈ ਸਹੂਲਤ ਤੋਂ ਨੇੜਤਾ
2. ਡਾਕ ਰਾਹੀਂ ਵੋਟ ਦੀ ਘੱਟ ਵਰਤੋਂ ਕਰਨ ਵਾਲੇ ਭਾਈਚਾਰਿਆਂ ਤੋਂ ਨੇੜਤਾ
3. ਆਬਾਦੀ ਕੇਂਦਰਾਂ ਤੋਂ ਨੇੜਤਾ
4. ਅਲਪ ਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਤੋਂ ਨੇੜਤਾ
5. ਅਸਮਰਥਤਾਵਾਂ ਵਾਲੇ ਵੋਟਰਾਂ ਤੋਂ ਨੇੜਤਾ
6. ਵਾਹਨ ਦੀ ਘੱਟ ਮਲਕੀਅਤ ਦਰ ਵਾਲੇ ਭਾਈਚਾਰਿਆਂ ਤੋਂ ਨੇੜਤਾ
7. ਘੱਟ ਆਮਦਨ ਵਾਲੇ ਭਾਈਚਾਰਿਆਂ ਤੋਂ ਨੇੜਤਾ
8. ਘੱਟ ਵੋਟਰ ਰਜਿਸਟ੍ਰੇਸ਼ਨ ਦਰ ਵਾਲੇ ਭਾਈਚਾਰਿਆਂ ਤੋਂ ਨੇੜਤਾ
9. ਭੂਗੋਲਿਕ ਤੌਰ 'ਤੇ ਅਲੱਗ ਰਹਿਣ ਵਾਲੀ ਜਨਸੰਖਿਆ ਤੋਂ ਨੇੜਤਾ, ਜਿਸ ਵਿੱਚ ਮੂਲ ਅਮਰੀਕਨ ਰਾਖਵਾਂਕਰਨ ਵਾਲੀ ਜਨਸੰਖਿਆ ਵੀ ਸ਼ਾਮਲ ਹੈ
10. ਪਹੁੰਚਯੋਗ ਅਤੇ ਮੁਫ਼ਤ ਪਾਰਕਿੰਗ
11. ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੀ ਦੂਰੀ ਅਤੇ ਉਹਨਾਂ ਤੱਕ ਪਹੁੰਚਣ ਵਿੱਚ ਲੱਗਣ ਵਾਲਾ ਸਮਾਂ
12. ਉਹਨਾਂ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਹੋਰ ਵਿਕਲਪਿਕ ਵਿਧੀਆਂ ਦੀ ਲੋੜ ਜਿਨ੍ਹਾਂ ਲਈ ਡਾਕ ਰਾਹੀਂ ਵੋਟ ਬੈਲਟ ਪਹੁੰਚਯੋਗ ਨਹੀਂ ਹਨ
13. ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੇ ਨੇੜੇ ਟ੍ਰੈਫਿਕ ਪੈਟਰਨ
14. ਮੋਬਾਈਲ ਵੋਟ ਕੇਂਦਰਾਂ ਦੀ ਲੋੜ

---

[2] ROV ਵੱਲੋਂ ਡ੍ਰਾਫ਼ਟ ਕੀਤੀਆਂ ਗਈਆਂ ਸੀਮਾਵਾਂ ਜਨਸੰਖਿਆ ਦੀ ਅਨੁਮਾਨਿਤ ਗਿਣਤੀ 'ਤੇ ਆਧਾਰਿਤ ਹਨ ਅਤੇ ਇਹਨਾਂ ਦਾ ਉਦੇਸ਼ ਮਾਰਗ-ਦਰਸ਼ਨ ਕਰਨਾ ਹੈ। VCA ਵੱਲੋਂ ਸੈੱਟ ਕੀਤੀ ਗਿਣਤੀ "15,000 ਤੱਕ" ਵੋਟਰਾਂ ਨੂੰ ਸੰਭਾਲਣ ਦੇ ਹਿਸਾਬ ਨਾਲ ਹੈ; ਜਿਸਦਾ ਮਤਲਬ ਹੈ ਕਿ ਹਰੇਕ ਸੀਮਾ ਦੇ ਵੋਟਰਾਂ ਦੀ ਪ੍ਰਸਤਾਵਿਤ ਗਿਣਤੀ ਦਾ ਜੋੜ VCA ਵੱਲੋਂ ਪਰਿਭਾਸ਼ਿਤ ਕੀਤੀ ਮਾਤਰਾ ਦੇ ਹਮੇਸ਼ਾਂ ਬਰਾਬਰ ਨਹੀਂ ਹੋਵੇਗਾ।

ROV ਅਸਮਰਥਤਾਵਾਂ ਵਾਲੇ ਅਮਰੀਕਾ ਵਾਸੀਆਂ ਲਈ ਅਧਿਨਿਯਮ (ADA) ਦੀਆਂ ਅਧਿਕਾਰਤ ਬੈਲਟ ਡ੍ਰੌਪ-ਬੌਕਸਾਂ ਲਈ ਬਣੀਆਂ ਆਵਾਜਾਈ ਅਤੇ ਜਨਸੰਖਿਆ ਦੀ ਘਣਤਾ ਸੰਬੰਧੀ ਲੋੜਾਂ ਨੂੰ ਪੂਰਾ ਕਰਦੀ ਹੈ, ਤਾਂ ਕਿ ਅਸਮਰਥਤਾਵਾਂ ਵਾਲੇ ਵੋਟਰਾਂ ਵਾਸਤੇ ਬਿਹਤਰ ਵਿਵਸਥਾ ਕੀਤੀ ਜਾ ਸਕੇ। ਬੈਲਟ ਡ੍ਰੌਪ-ਬੌਕਸਾਂ ਨੂੰ ਉਹਨਾਂ ਦੇ ਸੰਬੰਧਿਤ ਟਿਕਾਣੇ 'ਤੇ ਚੋਣਾਂ ਵਾਲੇ ਦਿਨ ਤੋਂ 29 ਦਿਨ ਪਹਿਲਾਂ ਰੱਖਣਾ ਸ਼ੁਰੂ ਕਰ ਦਿੱਤਾ ਜਾਵੇਗਾ। ਚੋਣਾਂ ਵਾਲੇ ਦਿਨ ਤੋਂ 27 ਦਿਨ ਪਹਿਲਾਂ ਤੱਕ, ਸਾਰੇ ਬੈਲਟ ਡ੍ਰੌਪ-ਬੌਕਸ ਸਥਾਪਤ ਕਰਕੇ ਵਰਤੋਂ ਲਈ ਤਿਆਰ ਕਰ ਦਿੱਤੇ ਜਾਣੇ ਚਾਹੀਦੇ ਹਨ। ਇਹ ਪੱਕਾ ਕਰਨ ਲਈ ਕਿ ਬੌਕਸ ਵੋਟਰਾਂ ਲਈ ਪਹੁੰਚਯੋਗ ਹੋਣ, ਡ੍ਰੌਪ-ਬੌਕਸਾਂ ਨੂੰ ਹੇਠਾਂ ਲਿਖੇ ਵਾਂਗ ਕੰਮ ਕਰਨ ਲਈ ਤਿਆਰ ਕੀਤਾ ਜਾਏਗਾ[3]:

- ਭੌਤਿਕ ਨੁਕਸਾਨ ਅਤੇ ਅਣਅਧਿਕਾਰਤ ਪ੍ਰਵੇਸ਼ ਨੂੰ ਰੋਕਣ ਲਈ, ਹਰੇਕ ਬਾਹਰ ਸਥਾਪਤ ਬਿਨਾਂ ਸਟਾਫ਼ ਵਾਲਾ ਡ੍ਰੌਪ-ਬੌਕਸ ਹੰਢਣਸਾਰ ਸਮਾਨ ਦਾ ਬਣਿਆ ਹੋਵੇਗਾ, ਤਾਂਕਿ ਉਹ ਕਿਸੇ ਵੀ ਤਰੀਕੇ ਦੀ ਭੰਨ ਤੋੜ, ਹਟਾਉਣ ਦੀ ਕੋਸ਼ਿਸ਼, ਅਤੇ ਖ਼ਰਾਬ ਮੌਸਮ ਦੇ ਸਾਹਮਣੇ ਟਿਕਿਆ ਰਹਿ ਸਕੇ।
- ਡ੍ਰੌਪ-ਬੌਕਸਾਂ ਵਿੱਚ ਇੱਕ ਮੂੰਹ (ਖੁੱਲ੍ਹਾ ਸਲੌਟ) ਹੋਵੇਗਾ, ਜੋ ਇੰਨਾ ਵੱਡਾ ਨਹੀਂ ਹੋਣਾ ਚਾਹੀਦਾ ਕਿ ਜਿਸ ਦੀ ਵਰਤੋਂ ਕਰਕੇ ਬੈਲਟ ਨਾਲ ਛੇੜਛਾੜ ਕੀਤੀ ਜਾ ਸਕੇ ਜਾਂ ਉਸ ਨੂੰ ਹਟਾਇਆ ਜਾ ਸਕੇ।
- ਡ੍ਰੌਪ-ਬੌਕਸ ਇਸ ਤਰੀਕੇ ਨਾਲ ਡਿਜ਼ਾਈਨ ਕੀਤੇ ਹੁੰਦੇ ਹਨ ਕਿ ਕਿਸੇ ਵੀ ਤਰੀਕੇ ਦੀ ਅਣਅਧਿਕਾਰਤ ਪਹੁੰਚ ਇੱਕ ਭੌਤਿਕ ਸਬੂਤ ਛੱਡ ਸਕਦੀ ਹੈ, ਜੋ ਇਹ ਸਾਬਤ ਕਰਦੀ ਹੈ ਕਿ ਅਣਅਧਿਕਾਰਤ ਪਹੁੰਚ ਕੀਤੀ ਗਈ ਹੈ। ਚੋਣ ਅਧਿਕਾਰੀ ਇਸ ਭਾਗ ਦੇ ਉਦੇਸ਼ਾਂ ਲਈ ਇੱਕ ਛੇੜਛਾੜ-ਪ੍ਰਤੱਖ ਕਰਨ ਵਾਲੀ ਸੀਲ ਦੀ ਵਰਤੋਂ ਕਰ ਸਕਦੇ ਹਨ।
- ਡ੍ਰੌਪ-ਬੌਕਸ ਲਈ ਇੱਕ ਖਾਸ ਸਾਈਨੇਜ ਹੋਵੇਗਾ ਜੋ ਇਹ ਸਪਸ਼ਟ ਕਰਦਾ ਹੋਵੇ ਕਿ ਬੈਲਟ ਕਿੱਥੇ ਪਾਉਣੇ ਹਨ।
- ਹਰੇਕ ਡ੍ਰੌਪ-ਬੌਕਸ ਲਈ ਇੱਕ ਵਿਲੱਖਣ ਪਛਾਣ ਨੰਬਰ ਨਿਰਧਾਰਿਤ ਕੀਤਾ ਜਾਏਗਾ ਜੋ ਕਿ ਡ੍ਰੌਪ-ਬੌਕਸ ਦੇ ਉੱਪਰ ਸਥਾਪਤ ਹੋਵੇ ਅਤੇ ਜੋ ਨਿਰਧਾਰਿਤ ਬੈਲਟ ਪ੍ਰਾਪਤਕਰਤਾ ਅਤੇ ਜਨਤਾ ਵੱਲੋਂ ਵੀ ਆਸਾਨੀ ਨਾਲ ਪਛਾਣਿਆ ਜਾਵੇ।
- ਡ੍ਰੌਪ-ਬੌਕਸ ਦੀ ਬੜੇ ਸਪਸ਼ਟ ਅਤੇ ਦਿਖਣਯੋਗ ਤਰੀਕੇ ਨਾਲ "ਅਧਿਕਾਰਤ ਬੈਲਟ ਡ੍ਰੌਪ-ਬੌਕਸ" ਵਜੋਂ ਨਿਸ਼ਾਨਦੇਹੀ ਕੀਤੀ ਜਾਏਗੀ।
- ਡ੍ਰੌਪ-ਬੌਕਸ ਦਾ ਹਾਰਡਵੇਅਰ ਬਿਨਾਂ ਜ਼ੋਰ ਨਾਲ ਪਕੜੇ, ਬਿਨਾਂ ਚੂੰਢੀ ਵੱਢੇ, ਜਾਂ ਬਿਨਾਂ ਗੁੱਟ ਨੂੰ ਮਰੋੜੇ ਕੰਮ ਕਰਨਯੋਗ ਹੋਵੇਗਾ।
- ਡ੍ਰੌਪ-ਬੌਕਸ ਦੇ ਹਾਰਡਵੇਅਰ ਨੂੰ ਆਪਰੇਟ ਕਰਨ ਲਈ ਵੋਟਰ ਵੱਲੋਂ ਪੰਜ (5) ਪਾਉਂਡ ਤੋਂ ਵੱਧ ਦਾ ਦਬਾਅ ਪਾਉਣ ਦੀ ਲੋੜ ਨਹੀਂ ਹੋਵੇਗੀ।
- ਅਜਿਹੇ ਵਿਅਕਤੀਆਂ ਲਈ ਜੋ ਵ੍ਹੀਲਚੇਅਰ ਦੀ ਵਰਤੋਂ ਕਰਦੇ ਹਨ, ਡ੍ਰੌਪ-ਬੌਕਸ ਫ਼ਰਸ਼ ਜਾਂ ਜ਼ਮੀਨ ਤੋਂ 15 ਤੋਂ 48 ਇੰਚ ਦੀ ਉਚਾਈ ਦੀ ਰੇਂਜ 'ਤੇ ਵਰਤਣ ਯੋਗ ਹੋਵੇਗਾ (ਇਹ ਨਿਯਮ ਉਸ ਮਾਮਲੇ ਵਿੱਚ ਲਾਗੂ ਨਹੀਂ ਹੁੰਦਾ ਜਦੋਂ ਡ੍ਰੌਪ-ਬੌਕਸ ਵਾਹਨ ਦੇ ਚਾਲਕਾਂ ਦੀ ਵਰਤੋਂ ਵਾਸਤੇ ਰੱਖਿਆ ਗਿਆ ਹੋਵੇ)।
- ਬੈਲਟ ਡ੍ਰੌਪ-ਬੌਕਸ ਦਾ ਸਾਈਨੇਜ ਇੱਕ ਵਿਲੱਖਣ ਰੰਗ ਦਾ ਹੋਵੇਗਾ ਜੋ ਬੈਕਗ੍ਰਾਊਂਡ ਤੋਂ ਵਖਰੇਵੇਂ ਵਿੱਚ ਹੋਵੇ ਅਤੇ ਇਸਦੀ ਫਿਨਿਸ਼ "ਗੈਰ-ਚਮਕੀਲੀ" ਹੋਣੀ ਚਾਹੀਦੀ ਹੈ।
- ਡ੍ਰੌਪ-ਬੌਕਸ ਇਸ ਢੰਗ ਨਾਲ ਡਿਜ਼ਾਈਨ ਕੀਤੇ ਜਾਣੇ ਜ਼ਰੂਰੀ ਹਨ ਕਿ ਜਨਤਾ ਨੂੰ ਦੇਖਣ ਵਿੱਚ ਅਧਿਕਾਰਤ ਅਤੇ ਸੁਰੱਖਿਅਤ ਪ੍ਰਤੀਤ ਹੋਣ।
- ਪੂਰੀ ਕਾਉਂਟੀ ਵਿੱਚ ਲੱਗੇ ਸਾਰੇ ਬੈਲਟ ਡ੍ਰੌਪ-ਬੌਕਸ, ਚਾਹੇ ਉਹ ਸਟਾਫ਼ ਵਾਲੇ ਹੋਣ ਜਾਂ ਬਿਨਾ ਸਟਾਫ਼ ਤੋਂ, ਵਰਤੋਂ ਸੰਬੰਧੀ ਸਮਾਨ ਵਿਸ਼ੇਸ਼ਤਾਵਾਂ ਵਾਲੇ ਹੋਣੇ ਜ਼ਰੂਰੀ ਹਨ, ਅਤੇ ਇੱਕੋ ਜਿਹੇ ਡਿਜ਼ਾਈਨ, ਰੰਗ ਤਰਤੀਬ ਵਾਲੇ ਹੋਣੇ ਚਾਹੀਦੇ ਹਨ, ਅਤੇ ਉਹਨਾਂ ਵਿੱਚ ਜਨਤਾ ਵਾਸਤੇ ਪਛਾਣ ਨੂੰ ਸੁਖਾਲਾ ਕਰਨ ਲਈ ਸਾਈਨੇਜ ਹੋਣਾ ਲਾਜ਼ਮੀ ਹੈ।
- ਬੈਲਟ ਡ੍ਰੌਪ-ਬੌਕਸ ਦਾ ਆਕਾਰ Santa Clara ਕਾਉਂਟੀ ਦੀ ਵਰਤੋਂ ਅਤੇ ਲੋੜਾਂ 'ਤੇ ਆਧਾਰਿਤ ਹੁੰਦਾ ਹੈ।

---

[3] ਚੋਣ ਕੋਡ §20132 ਦੇਖੋ

ਅਧਿਕਾਰਤ ਬੈਲਟ ਡ੍ਰੌਪ-ਬੌਕਸਾਂ ਸੰਬੰਧੀ ਕੁਝ ਚੀਜ਼ਾਂ, ਜੋ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ:

- ਡ੍ਰੌਪ-ਬੌਕਸਾਂ ਵਿੱਚ ਬੈਲਟ ਨੂੰ ਵਾਪਸ ਕਰਨ ਲਈ ਕਿਸੀ ਡਾਕ-ਟਿਕਟ ਦੀ ਲੋੜ ਨਹੀਂ ਹੈ।
- ਡਾਕ ਰਾਹੀਂ ਵੋਟ ਬੈਲਟ ਚੋਣਾਂ ਵਾਲੇ ਦਿਨ ਰਾਤ 8 ਵਜੇ ਤੋਂ ਬਾਅਦ ਸਵੀਕਾਰ ਨਹੀਂ ਕੀਤੇ ਜਾਣਗੇ।
    - ਡ੍ਰੌਪ-ਬੌਕਸ ਚੋਣਾਂ ਵਾਲੇ ਦਿਨ ਰਾਤ ਠੀਕ 8 ਵਜੇ ਲਾੱਕ ਕਰ ਦਿੱਤੇ ਜਾਣਗੇ।
    - ਇਸ ਵਿੱਚ ਛੋਟ ਸਿਰਫ਼ ਉਸ ਮਾਮਲੇ ਵਿੱਚ ਦਿੱਤੀ ਜਾਂਦੀ ਹੈ ਜਦੋਂ ਵੋਟ ਕੇਂਦਰ ਦੇ ਬੰਦ ਹੋਣ ਦੇ ਸਮੇਂ ਵੋਟਰ ਬੈਲਟ ਵਾਪਸ ਕਰਨ ਲਈ ਪਹਿਲਾਂ ਤੋਂ ਹੀ ਕਤਾਰ ਵਿੱਚ ਲੱਗੇ ਹੋਣ ਜਾਂ ਜੇਕਰ ਸਮੇਂ ਨੂੰ ਅਦਾਲਤੀ ਹੁਕਮ ਅਨੁਸਾਰ ਵਧਾ ਦਿੱਤਾ ਗਿਆ ਹੋਵੇ।
- ਅਧਿਕਾਰਤ ਬੈਲਟ ਡ੍ਰੌਪ-ਬੌਕਸ ਨਾਲ ਛੇੜਛਾੜ ਕਰਨਾ ਇੱਕ ਕਨੂੰਨੀ ਅਪਰਾਧ ਹੈ[4]।
- ਕਿਸੇ ਚੋਣ ਅਧਿਕਾਰੀ ਨੂੰ ਇਹ ਦੱਸਣ ਵਾਸਤੇ ਕਿ ਬੌਕਸ ਪੂਰੀ ਤਰ੍ਹਾਂ ਭਰਿਆ ਹੋਇਆ ਹੈ, ਇਸ ਨਾਲ ਛੇੜ-ਛਾੜ ਕੀਤੀ ਗਈ ਹੈ, ਜਾਂ ਇਸ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ, ਡ੍ਰੌਪ-ਬੌਕਸ ਦੇ ਉੱਪਰ ਇੱਕ ਨੋਟਿਸ ਲਗਾਇਗਾ ਜਾਏਗਾ।
- ਬੌਕਸਾਂ ਦੇ ਉੱਪਰ ROV ਦਫ਼ਤਰ ਦਾ ਨੰਬਰ ਅਤੇ ROV ਜਾਂ SOS ਦਾ ਇੱਕ ਟੋਲ ਫ਼੍ਰੀ ਨੰਬਰ ਦਿੱਤਾ ਜਾਏਗਾ, ਤਾਂਕਿ ਡ੍ਰੌਪ-ਬੌਕਸ ਨਾਲ ਹੋਈ ਛੇੜ-ਛਾੜ ਬਾਰੇ ਜਾਂ ਹੋਰ ਨੁਕਸਾਨ ਬਾਰੇ ਸੂਚਿਤ ਕੀਤਾ ਜਾ ਸਕੇ।[5]

ਅਜਿਹੇ ਵੋਟਰਾਂ ਤੱਕ ਉਚਿਤ ਪਹੁੰਚ ਨੂੰ ਸੁਨਿਸ਼ਚਿਤ ਕਰਨ ਲਈ, ਜੋ ਮੁੱਢਲੇ ਤੌਰ 'ਤੇ ਅਗ੍ਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ, ਡ੍ਰੌਪ-ਬੌਕਸ ਨੂੰ ਸਾਰੀਆਂ ਅੱਠ ਭਾਸ਼ਾਵਾਂ ਵਿੱਚ "ਅਧਿਕਾਰਤ ਬੈਲਟ ਡ੍ਰੌਪ-ਬੌਕਸ" ਵਜੋਂ ਨਿਸ਼ਾਨਬੱਧ ਕੀਤਾ ਜਾਵੇਗਾ। ਉਹ ਭਾਸ਼ਾਵਾਂ ਹਨ: ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਖਮੇਰ, ਕੋਰੀਆਈ, ਹਿੰਦੀ ਅਤੇ ਜਪਾਨੀ।

ਇਸ ਤੋਂ ਇਲਾਵਾ, ਹਰੇਕ ਬੈਲਟ ਡ੍ਰੌਪ-ਬੌਕਸ 'ਤੇ ਇੱਕ ਸੰਕੇਤ ਲਗਾ ਹੋਵੇਗਾ, ਜੋ ਵੋਟਰ ਨੂੰ ਇਹ ਸੁਝਾਏਗਾ ਕਿ ਜੇ ਲੋੜ ਹੋਵੇ ਤਾਂ ਵਾਧੂ ਬੈਲਟ ਵਾਪਸੀ ਲਿਫਾਫੇ ਉਪਲਬਧ ਹਨ। ਵੋਟਰ ਨੂੰ ਲਿਫਾਫੇ ਉੱਪਰ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਹਿਦਾਇਤ ਦਿੱਤੀ ਜਾਂਦੀ ਹੈ, ਜਿਸ ਦੇ ਵਿੱਚ ਆਪਣਾ ਨਾਮ, ਰਿਹਾਇਸ਼ੀ ਪਤਾ, ਜਨਮ ਤਾਰੀਖ਼ ਭਰਨਾ, ਅਤੇ ਆਪਣੇ ਦਸਤਖ਼ਤ ਪ੍ਰਦਾਨ ਕਰਨਾ ਸ਼ਾਮਲ ਹੈ। ਜੇਕਰ ਬੈਲਟ ਡ੍ਰੌਪ-ਬੌਕਸ ਦੀ ਵਰਤੋਂ ਕੀਤੀ ਜਾ ਰਹੀ ਹੈ, ਤਾਂ ਬੈਲਟ ਵੋਟਰ ਦੀ ਜਾਣਕਾਰੀ ਅਤੇ ਦਸਤਖ਼ਤ ਦੇ ਨਾਲ ਨੱਥੀ ਕਰਕੇ, ਬੰਦ ਲਿਫਾਫੇ ਵਿੱਚ ਵਾਪਸ ਕਰਨੇ ਲਾਜ਼ਮੀ ਹਨ। ਇੱਕ ਟੋਲ ਫ਼੍ਰੀ ਨੰਬਰ ਪ੍ਰਦਾਨ ਕੀਤਾ ਜਾਵੇਗਾ, ਜਿਸਦੀ ਵਰਤੋਂ ਵੋਟਰ ਕੋਈ ਸਵਾਲ ਹੋਣ 'ਤੇ ਜਾਂ ਵਧੇਰੀ ਸਹਾਇਤਾ ਦੀ ਲੋੜ ਹੋਣ 'ਤੇ ਕਰ ਸਕਦੇ ਹਨ।

## ਵੋਟ ਕੇਂਦਰ

ਵੋਟਰ ਪਸੰਦ ਅਧਿਨਿਯਮ (VCA) ਬਹੁਤ ਸਾਰੇ ਨਵੇਂ ਅਤੇ ਦਿਲਚਸਪ ਬਦਲਾਵ ਲੈ ਕੇ ਆਵੇਗਾ। ਵੋਟ ਕੇਂਦਰ 11 ਦਿਨਾਂ ਤੱਕ ਖੁਲ੍ਹੇ ਰਹਿਣਗੇ ਅਤੇ ਨਵੇਂ ਅਤੇ ਵਧੇਰੇ ਪਹੁੰਚਯੋਗ ਵੋਟਿੰਗ ਉਪਕਰਣਾਂ, ਭਾਸ਼ਾ ਸੰਬੰਧੀ ਸਹਾਇਤਾ ਨਾਲ ਲੈਸ ਹੋਣਗੇ, ਅਤੇ ਸ਼ਰਤਬੱਧ ਵੋਟਰ ਰਜਿਸਟ੍ਰੇਸ਼ਨ (CVR) ਅਤੇ ਉਸੇ ਦਿਨ ਵੋਟਿੰਗ ਵਰਗੀਆਂ ਸਹੂਲਤਾਂ ਦੀ ਪੇਸ਼ਕਸ਼ ਕਰਨਗੇ। ਇਸ ਤੋਂ ਇਲਾਵਾ, ਵੋਟਰ ਉਹਨਾਂ ਲਈ ਨਿਰਧਾਰਿਤ ਕੀਤੇ ਇੱਕ ਪੋਲਿੰਗ ਸਥਾਨ ਤੱਕ ਸੀਮਤ ਨਹੀਂ ਹੋਣਗੇ, ਬਲਕਿ ਉਹਨਾਂ ਕੋਲ ਪੂਰੀ Santa Clara ਕਾਉਂਟੀ ਵਿੱਚ ਉਪਲਬਧ ਲਗਭਗ 110 ਵੋਟ ਕੇਂਦਰ ਟਿਕਾਣਿਆਂ ਵਿੱਚੋਂ ਕਿਸੇ ਵਿੱਚ ਵੀ ਜਾਣ ਦਾ ਵਿਕਲਪ ਹੋਵੇਗਾ।

---

[4] California ਚੋਣ ਕੋਡ §18500 ਦੇਖੋ

[5] California ਚੋਣ ਕੋਡ §20132 ਦੇਖੋ

VCA ਦੇ ਅਧੀਨ, ਵੋਟ ਕੇਂਦਰਾਂ ਨੂੰ ਪਹਿਲਾਂ ਦੇ ਰਵਾਇਤੀ ਪੋਲਿੰਗ ਸਥਾਨਾਂ ਦੇ ਮੁਕਾਬਲੇ ਜ਼ਿਆਦਾ ਦਿਨਾਂ ਤੱਕ ਖੁੱਲ੍ਹੇ ਰੱਖਣ ਦੀ ਲੋੜ ਹੋਵੇਗੀ। ਵੋਟ ਕੇਂਦਰਾਂ ਨੂੰ ਦੋ ਅਰੰਭਿਕ ਵੋਟਿੰਗ ਮਿਆਦਾਂ ਲਈ ਆਪਰੇਟ ਕਰਨਾ ਲਾਜ਼ਮੀ ਹੈ: (1) ਚੋਣਾਂ ਵਾਲੇ ਦਿਨ ਅਤੇ ਉਸ ਤੋਂ ਪਹਿਲਾਂ ਦੇ ਦਸ ਦਿਨ ਮਿਲਾ ਕੇ, ਕੁੱਲ 11 ਦਿਨ, ਅਤੇ (2) ਚੋਣਾਂ ਵਾਲੇ ਦਿਨ ਅਤੇ ਉਸ ਤੋਂ ਪਹਿਲਾਂ ਦੇ ਤਿੰਨ ਦਿਨ ਮਿਲਾ ਕੇ, ਕੁੱਲ ਚਾਰ ਦਿਨ। California ਚੋਣ ਕੋਡ ਵੱਲੋਂ ਮਾਪਦੰਡ ਸੈੱਟ ਕੀਤੇ ਜਾਂਦੇ ਹਨ, ਜਿਸ ਦੇ ਅਨੁਸਾਰ ਕਾਉਂਟੀ ਨੂੰ ਵੋਟਰਾਂ ਲਈ ਵੋਟ ਕੇਂਦਰ ਟਿਕਾਣੇ ਮੁਹੱਈਆ ਕਰਵਾਉਣੇ ਲਾਜ਼ਮੀ ਹਨ:

- ਚੋਣਾਂ ਵਾਲੇ ਦਿਨ ਅਤੇ ਉਸ ਤੋਂ ਦਸ (10) ਦਿਨ ਪਹਿਲਾਂ ਸ਼ੁਰੂ ਕਰਦੇ ਹੋਏ, ਕੁੱਲ ਮਿਲਾ ਕੇ ਗਿਆਰਾਂ (11) ਦਿਨਾਂ ਲਈ, ਹਰ 50,000 ਵੋਟਰਾਂ ਪਿੱਛੇ ਇੱਕ ਵੋਟ ਕੇਂਦਰ ਆਪਰੇਟ ਕੀਤਾ ਜਾਣਾ ਚਾਹੀਦਾ ਹੈ।
- ਚੋਣਾਂ ਵਾਲੇ ਦਿਨ ਅਤੇ ਉਸ ਤੋਂ ਤਿੰਨ (3) ਦਿਨ ਪਹਿਲਾਂ ਸ਼ੁਰੂ ਕਰਦੇ ਹੋਏ, ਕੁੱਲ ਮਿਲਾ ਕੇ ਚਾਰ (4) ਦਿਨਾਂ ਲਈ, ਹਰ 10,000 ਵੋਟਰਾਂ ਪਿੱਛੇ ਇੱਕ ਵੋਟ ਕੇਂਦਰ ਆਪਰੇਟ ਕੀਤਾ ਜਾਣਾ ਚਾਹੀਦਾ ਹੈ।

ਵੋਟਰਾਂ ਨੂੰ ਬਿਹਤਰ ਸਹੂਲਤ ਦੇਣ ਲਈ, ਅਤੇ ਮਾਰਚ 2020 ਦੀਆਂ ਰਾਸ਼ਟਰਪਤੀ ਦੀਆਂ ਮੁਢਲੀਆਂ ਚੋਣਾਂ ਲਈ ਰਜਿਸਟਰਡ ਵੋਟਰਾਂ ਦੀ ਅਨੁਮਾਨਿਤ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ, Santa Clara ਕਾਉਂਟੀ ਘੱਟੋ-ਘੱਟ ਲੋੜ ਤੋਂ ਵੱਧ ਦੋ ਵਧੇਰੇ 11-ਦਿਨਾਂ ਵਾਲੇ ਵੋਟ ਕੇਂਦਰ, ਅਤੇ ਅੱਠ ਵਧੇਰੇ 4-ਦਿਨਾਂ ਵਾਲੇ ਵੋਟ ਕੇਂਦਰ ਆਪਰੇਟ ਕਰਨ ਦੀ ਯੋਜਨਾ ਬਣਾ ਰਹੀ ਹੈ। ROV ਵੱਲੋਂ ਦੋ ਨਕਸ਼ੇ ਬਨਾਏ ਗਏ ਹਨ ਜੋ ਕਾਉਂਟੀ ਨੂੰ 50,000 ਵੋਟਰਾਂ ਅਤੇ 10,000 ਵੋਟਰਾਂ ਦੇ ਹਿਸਾਬ ਨਾਲ ਵੱਖ-ਵੱਖ ਖੇਤਰਾਂ ਵਿੱਚ ਵੰਡਦੇ ਹਨ (ਅੰਤਕਾ E ਦੇਖੋ)। ਇਹ ਨਕਸ਼ੇ ਵੋਟ ਕੇਂਦਰ ਦੇ ਟਿਕਾਣੇ ਲੱਭਣ ਦੀ ਪ੍ਰਕਿਰਿਆ ਵਿੱਚ ਸਹਾਈ ਹੋਏ। 50,000 ਵੋਟਰਾਂ ਵਾਲੇ ਖੇਤਰਾਂ ਦੀ ਸੀਮਾ ਵਾਲੇ ਨਕਸ਼ਿਆਂ ਦੀ ਵਰਤੋਂ 11-ਦਿਨਾਂ ਵਾਲੇ ਵੋਟ ਕੇਂਦਰ ਲੱਭਣ ਲਈ ਕੀਤੀ ਗਈ, ਜਦੋਂ ਕਿ 10,000 ਵੋਟਰਾਂ ਵਾਲੇ ਖੇਤਰਾਂ ਦੀ ਸੀਮਾ ਵਾਲੇ ਨਕਸ਼ਿਆਂ ਦੀ ਵਰਤੋਂ 4-ਦਿਨਾਂ ਵਾਲੇ ਵੋਟ ਕੇਂਦਰ ਲੱਭਣ ਲਈ ਕੀਤੀ ਗਈ।

ਚੋਣਾਂ ਵਾਲੇ ਦਿਨ ਤੋਂ ਪਹਿਲਾਂ ਦੀਆਂ ਤਾਰੀਖ਼ਾਂ ਲਈ ਸਾਰੇ ਵੋਟ ਕੇਂਦਰਾਂ ਦੇ ਕੰਮਕਾਜੀ ਘੰਟੇ ਹਰ ਟਿਕਾਣੇ ਦੇ ਹਿਸਾਬ ਨਾਲ ਵੱਖ-ਵੱਖ ਹੋ ਸਕਦੇ ਹਨ[6]। ਚੋਣਾਂ ਵਾਲੇ ਦਿਨ, ਚੋਣ ਕੋਡ ਅਨੁਸਾਰ, ਸਾਰੇ ਵੋਟ ਕੇਂਦਰ ਵੋਟਰਾਂ ਲਈ ਸਵੇਰੇ 7 ਵਜੇ ਤੋਂ ਲੈ ਕੇ ਰਾਤ 8 ਵਜੇ ਤੱਕ ਖੁੱਲ੍ਹੇ ਰਹਿਣਗੇ[7]। ROV ਵੱਲੋਂ ਵਿਚਾਰੇ ਜਾ ਰਹੇ ਵੋਟ ਕੇਂਦਰਾਂ ਦੀ ਸੰਭਾਵੀ ਸੂਚੀ ਲਈ, ਅੰਤਕਾ F ਦੇਖੋ। ਪ੍ਰਕਾਸ਼ਨ ਦੇ ਸਮੇਂ, ਸਾਰੇ ਵਿਚਾਰ ਅਧੀਨ ਵੋਟ ਕੇਂਦਰ ਬਦਲੇ ਵੀ ਜਾ ਸਕਦੇ ਹਨ।

| ਸਰਹੱਦ ਦੀ ਸ਼੍ਰੇਣੀ | ਨਿਊਨਤਮ (ਘੱਟੋ-ਘੱਟ) ਲੋੜ | ਸੁਝਾਈ ਗਈ[8] ਗਿਣਤੀ |
|---|---|---|
| 11-ਦਿਨਾਂ ਦੇ ਵੋਟ ਕੇਂਦਰ<br>(ਹਰ 50,000 ਰਜਿਸਟਰਡ ਵੋਟਰਾਂ ਪਿੱਛੇ 1) | 20 | 22 |
| 4-ਦਿਨਾਂ ਦੇ ਵੋਟ ਕੇਂਦਰ<br>(ਹਰ 10,000 ਰਜਿਸਟਰਡ ਵੋਟਰਾਂ ਪਿੱਛੇ 1) | 80 | 88 |

---

[6] ROV ਵੱਲੋਂ ਵੋਟ ਕੇਂਦਰ ਉਪਲਬਧ ਕਰਵਾਉਣ ਦੀ ਪ੍ਰਕਿਰਿਆ ਹਾਲੇ ਚੱਲ ਰਹੀ ਹੈ ਅਤੇ ਪ੍ਰਕਾਸ਼ਨ ਦੇ ਸਮੇਂ ਸਾਰੇ ਨਿਸ਼ਚਿਤ ਟਿਕਾਣੇ ਅਤੇ ਉਹਨਾਂ ਦੇ ਕੰਮਕਾਜੀ ਘੰਟੇ ਉਪਲਬਧ ਨਹੀਂ ਸਨ।

[7] ਚੋਣ ਕੋਡ §4005

[8] ROV ਵੱਲੋਂ ਡ੍ਰਾਫ਼ਟ ਕੀਤੀਆਂ ਗਈਆਂ ਸਰਹੱਦਾਂ ਜਨਸੰਖਿਆ ਦੀ ਅਨੁਮਾਨਿਤ ਗਿਣਤੀ 'ਤੇ ਆਧਾਰਿਤ ਹਨ ਅਤੇ ਇਹਨਾਂ ਦਾ ਉਦੇਸ਼ ਮਾਰਗ-ਦਰਸ਼ਨ ਕਰਨਾ ਹੈ। VCA ਵੱਲੋਂ ਸੈੱਟ ਕੀਤੀ ਗਿਣਤੀ "50,000 ਤੱਕ" ਵੋਟਰਾਂ ਨੂੰ ਸੰਭਾਲਣ ਦੇ ਹਿਸਾਬ ਨਾਲ ਹੈ; ਜਿਸਦਾ ਮਤਲਬ ਹੈ ਕਿ ਹਰੇਕ ਸਰਹੱਦ ਦੇ ਵੋਟਰਾਂ ਦੀ ਪ੍ਰਸਤਾਵਿਤ ਗਿਣਤੀ ਦਾ ਜੋੜ VCA ਵੱਲੋਂ ਪਰਿਭਾਸ਼ਿਤ ਕੀਤੀ ਮਾਤਰਾ ਦੇ ਹਮੇਸ਼ਾਂ ਬਰਾਬਰ ਨਹੀਂ ਹੋਵੇਗਾ। ਦਰਸਾਈ ਗਈ ਪ੍ਰਸਤਾਵਿਤ ਸੰਖਿਆ ਭਰਤੀ ਕਰਨ ਦੇ ਲਈ ਘੱਟੋ-ਘੱਟ ਟੀਚਾ ਹੈ। ਅਜਿਹੇ ਕਿਸੇ ਵੀ ਖੇਤਰ ਲਈ, ਜਿੱਥੇ ਜ਼ਿਆਦਾ ਸਮਰਥਨ ਦੀ ਮੰਗ ਹੋਵੇਗੀ, ROV ਵੱਲੋਂ ਪੂਰੀ ਕਵਰੇਜ ਪ੍ਰਦਾਨ ਕਰਨ ਦੇ ਉਦੇਸ਼ ਨਾਲ ਵਧੀਕ ਟਿਕਾਣੇ ਮੁਹੱਈਆ ਕਰਵਾਉਣ ਬਾਰੇ ਵਿਚਾਰ ਕੀਤਾ ਜਾਵੇਗਾ।

ਸਾਰਨੀ ਵਿੱਚ ਦਿੱਤੇ ਗਏ ਅੰਕੜੇ ਰਜਿਸਟਰਡ ਵੋਟਰਾਂ ਦੀ ਪ੍ਰਸਤਾਵਿਤ ਗਿਣਤੀ 'ਤੇ ਆਧਾਰਿਤ ਹਨ। ਅਸਲ ਗਣਨਾ ਚੋਣ ਕੋਡ ਅਨੁਸਾਰ ਚੋਣਾਂ ਤੋਂ 88 ਦਿਨ ਪਹਿਲਾਂ ਨਿਰਧਾਰਿਤ ਕੀਤੀ ਜਾਵੇਗੀ।[9]

ਰਵਾਇਤੀ ਤੌਰ 'ਤੇ, ROV ਵੱਲੋਂ ਰਾਸ਼ਟਰਪਤੀ ਦੀਆਂ ਚੋਣਾਂ ਵਾਲੇ ਸਾਲ ਰਜਿਸਟ੍ਰੇਸ਼ਨ ਵਿੱਚ ਬਹੁਤ ਜ਼ਿਆਦਾ ਵਾਧਾ ਦੇਖਿਆ ਜਾਂਦਾ ਹੈ। ਜੁਲਾਈ 2019 ਤੱਕ, Santa Clara ਕਾਉਂਟੀ ਵਿੱਚ ਲਗਭਗ 910,000 ਵੋਟਰ ਰਜਿਸਟਰਡ ਸਨ। ROV ਦੇ ਅਨੁਮਾਨ ਮੁਤਾਬਕ ਮਾਰਚ 2020 ਦੀਆਂ ਰਾਸ਼ਟਰਪਤੀ ਦੀਆਂ ਮੁਢਲੀਆਂ ਚੋਣਾਂ ਤੱਕ ਇਹ ਨੰਬਰ 1 ਮਿਲੀਅਨ ਰਜਿਸਟਰਡ ਵੋਟਰਾਂ ਤੱਕ ਪਹੁੰਚ ਜਾਵੇਗਾ। ਇਹ ਵੀ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਨਵੰਬਰ 2020 ਦੀਆਂ ਆਮ ਰਾਸ਼ਟਰਪਤੀ ਚੋਣਾਂ ਤੱਕ ਵੋਟਰ ਰਜਿਸਟ੍ਰੇਸ਼ਨ ਦੀ ਗਿਣਤੀ ਹੋਰ ਵੀ ਵੱਧ ਸਕਦੀ ਹੈ। ਚੋਣਾਂ ਦੇ ਵਿੱਚ ਇਕਸਾਰਤਾ ਹੋਣਾ ਪੱਕਾ ਕਰਨ ਲਈ, ਅਤੇ ਨਾਲ ਹੀ ਵੋਟ ਕੇਂਦਰ ਸਾਈਟਾਂ ਦੀ ਉਚਿਤ ਗਿਣਤੀ ਕਾਇਮ ਰੱਖਣ ਲਈ, ROV ਵੱਲੋਂ ਨਵੰਬਰ ਦੀਆਂ ਆਮ ਚੋਣਾਂ ਤੱਕ 1.1 ਮਿਲੀਅਨ ਰਜਿਸਟਰਡ ਵੋਟਰਾਂ ਦੇ ਅਨੁਮਾਨ ਦੇ ਆਧਾਰ 'ਤੇ ਭਰਤੀ ਕੀਤੀ ਜਾ ਰਹੀ ਹੈ। ਇਸ ਨਾਲ ROV ਸੰਭਾਵੀ ਤੌਰ 'ਤੇ ਮਾਰਚ ਅਤੇ ਨਵੰਬਰ ਦੀਆਂ ਚੋਣਾਂ ਲਈ ਓਹੀ ਰੱਖ ਸਕੇਗਾ ਅਤੇ ਇਸ ਤੋਂ ਇਲਾਵਾ ਟਿਕਾਣਿਆਂ ਦਾ ਨਾ ਬਦਲਣਾ ਵੋਟਰਾਂ ਨੂੰ VCA ਦੇ ਲਾਗੂਕਰਨ ਨਾਲ ਹੋਣ ਵਾਲੇ ਬਦਲਾਵਾਂ ਦੇ ਚੱਲਦੇ ਇੱਕ ਸਥਿਰਤਾ ਦਾ ਅਹਿਸਾਸ ਕਰਵਾਏਗਾ।

| ਯੋਗ ਵੋਟਰਾਂ ਦੀ ਗਿਣਤੀ | ਰਜਿਸਟਰਡ ਵੋਟਰਾਂ ਦੀ ਗਿਣਤੀ | ਯੋਗ ਪਰ ਗੈਰ-ਰਜਿਸਟਰਡ ਵੋਟਰਾਂ ਦੀ ਗਿਣਤੀ | ਪ੍ਰਸਤਾਵਿਤ ਰਜਿਸਟਰਡ ਵੋਟਰਾਂ ਦੀ ਗਿਣਤੀ |
|---|---|---|---|
| 1,200,000 | 910,000 | 290,000 | 1,000,000 |

## ਵੋਟਰ ਰਜਿਸਟ੍ਰੇਸ਼ਨ

ਵੋਟ ਕੇਂਦਰ ਰਵਾਇਤੀ ਪੋਲਿੰਗ ਸਥਾਨ ਮਾਡਲ ਦੇ ਮੁਕਾਬਲੇ ਬਹੁਤ ਸਾਰੀਆਂ ਹੋਰ ਸੇਵਾਵਾਂ ਪ੍ਰਦਾਨ ਕਰ ਸਕਣਗੇ। ਵੋਟ ਕੇਂਦਰਾਂ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਵਿਸਤ੍ਰਿਤ ਸੇਵਾਵਾਂ ਵਿੱਚੋਂ ਇੱਕ ਹੈ ਵੋਟਰ ਰਜਿਸਟ੍ਰੇਸ਼ਨ। ਵੋਟਰਾਂ ਕੋਲ ਹੁਣ ਵੋਟ ਪਾਉਣ ਲਈ ਰਜਿਸਟਰ ਕਰਨ, ਆਪਣਾ ਵੋਟਰ ਰਜਿਸਟ੍ਰੇਸ਼ਨ ਅੱਪਡੇਟ ਕਰਨ, ਅਤੇ ਕਿਸੇ ਵੀ ਵੋਟ ਕੇਂਦਰ 'ਤੇ ਸ਼ਰਤਬੱਧ ਵੋਟ ਪਾਉਣ ਦੀ ਸੁਵਿਧਾ ਹੋਵੇਗੀ। ਅਜਿਹੇ ਵੋਟਰ ਜੋ ਸ਼ਰਤਬੱਧ ਵੋਟਰ ਰਜਿਸਟ੍ਰੇਸ਼ਨ ਲਈ ਯੋਗ ਪਾਏ ਜਾਣਗੇ, ਉਹ CVR ਲਿਫਾਫੇ ਸਮੇਤ ਇੱਕ ਬੈਲਟ ਪ੍ਰਾਪਤ ਕਰਨਗੇ।

CVR ਭਾਈਚਾਰੇ ਦੇ ਉਹਨਾਂ ਸਦੱਸਾਂ ਲਈ ਵੋਟ ਪਾਉਣ ਦਾ ਇੱਕ ਤਰੀਕਾ ਹੈ, ਜੋ ਰਜਿਸਟ੍ਰੇਸ਼ਨ ਦੀ 15 ਦਿਨਾਂ ਦੀ ਮਿਆਦ ਖਤਮ ਹੋਣ 'ਤੇ ਵੀ ਵੋਟ ਪਾਉਣ ਲਈ ਰਜਿਸਟਰਡ ਨਹੀਂ ਹੋਏ। ਇਸ ਦੇ ਤਹਿਤ ਉਹ ਚੋਣਾਂ ਵਾਲੇ ਦਿਨ ਹੀ ਆਪਣੇ ਆਪ ਨੂੰ ਵੋਟ ਕੇਂਦਰ 'ਤੇ ਜਾ ਕੇ ਰਜਿਸਟਰ ਕਰਵਾ ਸਕਦੇ ਹਨ ਅਤੇ ਫਿਰ ਵੋਟ ਕਰ ਸਕਦੇ ਹਨ। ਵੋਟਰ CVR ਦੀ ਵਰਤੋਂ ਰਜਿਸਟ੍ਰੇਸ਼ਨ ਦੀ 15 ਦਿਨਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਆਪਣਾ ਪਤਾ ਜਾਂ ਰਾਜਨੀਤਿਕ ਪਾਰਟੀ ਅੱਪਡੇਟ ਕਰਨ ਲਈ ਵੀ ਕਰ ਸਕਦੇ ਹਨ। ਇੱਕ ਵਾਰ ਪੂਰੇ ਕੀਤੇ CVR ਬੈਲਟ ਦੇ ROV ਦਫ਼ਤਰ ਵਾਪਸ ਪਹੁੰਚ ਜਾਣ 'ਤੇ, ਸੰਭਾਵੀ ਵੋਟਰ ਨੂੰ ਯੋਗਤਾ ਲਈ ਜਾਂਚਿਆ ਜਾਵੇਗਾ। ਬੈਲਟ ਉਦੋਂ ਹੀ ਖੋਲ੍ਹਿਆ ਜਾਵੇਗਾ, ਜਦੋਂ ਇਸ ਗੱਲ ਦੀ ਪੁਸ਼ਟੀ ਹੋ ਜਾਵੇਗੀ ਕਿ ਵੋਟਰ ਸਾਰੀਆਂ ਯੋਗਤਾ ਲੋੜਾਂ ਨੂੰ ਪੂਰਾ ਕਰਦਾ ਹੈ। CVR ਲਿਫਾਫਾ ਵੋਟਰ ਦੀ ਰਜਿਸਟ੍ਰੇਸ਼ਨ ਦੇ ਹਲਫ਼ਨਾਮੇ ਵਜੋਂ ਵੀ ਕੰਮ ਕਰੇਗਾ ਅਤੇ ਵੋਟਰ ਲਿਫਾਫੇ ਦੇ ਉੱਪਰੋਂ ਆਪਣੀ ਰਸੀਦ ਨੂੰ ਫਾੜ ਕੇ ਆਪਣੇ ਕੋਲ ਰੱਖ ਸਕਦੇ ਹਨ ਤਾਂ ਕਿ ਉਹ ROV ਦੀ ਵੈੱਬ ਸਾਈਟ 'ਤੇ ਇਸਦੀ ਸਥਿਤੀ ਨੂੰ ਟਰੈਕ ਕਰ ਸਕਣ[10]।

[9] ਚੋਣ ਕੋਡ §12223

[10] ਡਾਕ ਰਾਹੀਂ ਵੋਟ ਬੈਲਟ ਟਰੈਕ ਕਰਨ ਵਾਲੀ ਵੈੱਬਸਾਈਟ: https://eservices.sccgov.org/rov?tab=ab

## ਬਦਲਵਾਂ ਬੈਲਟ

ਬੇਨਤੀ ਕੀਤੇ ਜਾਣ 'ਤੇ ਵੋਟ ਕੇਂਦਰ ਹੁਣ ਵੋਟਰਾਂ ਨੂੰ ਬਦਲਵਾਂ ਬੈਲਟ ਪ੍ਰਦਾਨ ਕਰ ਸਕਦੇ ਹਨ। ਇਸ ਗੱਲ ਦੀ ਪੁਸ਼ਟੀ ਹੋ ਜਾਣ ਤੋਂ ਬਾਅਦ ਕਿ ROV ਨੇ ਵੋਟਰ ਪਾਸੋਂ ਇਹਨਾਂ ਚੋਣਾਂ ਬਾਬਤ ਕੋਈ ਬੈਲਟ ਪ੍ਰਾਪਤ ਨਹੀਂ ਕੀਤਾ, ਵੋਟਰ ਕਿਸੇ ਵੀ ਵੋਟ ਕੇਂਦਰ 'ਤੇ ਜਾ ਕੇ ਬਦਲਵੇਂ ਬੈਲਟ ਲਈ ਬੇਨਤੀ ਕਰ ਸਕਦਾ ਹੈ।[11] ਜੇਕਰ ROV ਇਹ ਗੱਲ ਸਪਸ਼ਟ ਨਹੀਂ ਕਰ ਪਾ ਰਿਹਾ ਹੈ ਕਿ ਵੋਟਰ ਪਾਸੋਂ ਬੈਲਟ ਪ੍ਰਾਪਤ ਹੋਇਆ ਹੈ ਜਾਂ ਨਹੀਂ, ਤਾਂ ROV ਵੱਲੋਂ ਵੋਟਰ ਨੂੰ ਆਰਜ਼ੀ ਤੌਰ 'ਤੇ ਵੋਟ ਪਾਉਣ ਦੀ ਅਨੁਮਤੀ ਦਿੱਤੀ ਜਾ ਸਕਦੀ ਹੈ।

## ਆਰਜ਼ੀ ਵੋਟਿੰਗ[12]

ਵੋਟਰ ਕਿਸੇ ਵੀ ਵੋਟ ਕੇਂਦਰ 'ਤੇ ਜਾ ਕੇ ਆਰਜ਼ੀ ਤੌਰ 'ਤੇ ਵੋਟ ਪਾ ਸਕਦਾ ਹੈ। ਅਜਿਹਾ ਵੋਟਰ ਜੋ ਇਹ ਦਾਅਵਾ ਕਰਦਾ ਹੋਵੇ ਕਿ ਉਹ ਰਜਿਸਟਰਡ ਹੈ, ਪਰ ROV ਸਟਾਫ਼ ਉਸਦੀ ਰਜਿਸਟ੍ਰੇਸ਼ਨ ਅਤੇ ਯੋਗਤਾ ਨੂੰ ਫੌਰਨ ਨਿਰਧਾਰਿਤ ਨਾ ਕਰ ਪਾ ਰਿਹਾ ਹੋਵੇ, ਤਾਂ ਇਸ ਮਾਮਲੇ ਵਿੱਚ ਵੋਟਰ ਆਰਜ਼ੀ ਬੈਲਟ ਰਾਹੀਂ ਵੋਟ ਪਾਉਣ ਦਾ ਹੱਕਦਾਰ ਹੋਵੇਗਾ। ROV ਲਈ ਵੋਟਰ ਨੂੰ ਉਸਦੇ ਇਸ ਅਧਿਕਾਰ ਬਾਰੇ ਦੱਸਣਾ ਅਤੇ ਹੇਠਾਂ ਦਿੱਤੀਆਂ ਚੀਜ਼ਾਂ ਪ੍ਰਦਾਨ ਕਰਨਾ ਲਾਜ਼ਮੀ ਹੈ:

- ਇੱਕ ਆਰਜ਼ੀ ਬੈਲਟ, ਜਿਸਦੇ ਨਾਲ ਇਸਨੂੰ ਕਾਸਟਿੰਗ ਦੀਆਂ ਪ੍ਰਕਿਰਿਆਵਾਂ ਅਤੇ ਵਿਧੀਆਂ ਸੰਬੰਧੀ ਲਿਖਤੀ ਹਿਦਾਇਤਾਂ ਸ਼ਾਮਲ ਹੋਣ
- ਵੋਟਰ ਦੀ ਰਜਿਸਟ੍ਰੇਸ਼ਨ ਅਤੇ ਵੋਟ ਪਾਉਣ ਦੀ ਯੋਗਤਾ ਸੰਬੰਧੀ ਲਿਖਤ ਸਹਿਮਤੀ, ਜਿਸ 'ਤੇ ਵੋਟਰ ਵੱਲੋਂ ਦਸਤਖ਼ਤ ਕਰਨੇ ਲਾਜ਼ਮੀ ਹਨ

ਆਰਜ਼ੀ ਤੌਰ 'ਤੇ ਵੋਟ ਪਾਉਣ ਲਈ, ਵੋਟਰ ਵੱਲੋਂ ROV ਸਟਾਫ਼ ਦੀ ਮੌਜੂਦਗੀ ਵਿੱਚ ਲਿਖਤ ਸਹਿਮਤੀ 'ਤੇ ਦਸਤਖ਼ਤ ਕਰਨਾ ਲਾਜ਼ਮੀ ਹੈ, ਜਿਸ ਨਾਲ ਇਹ ਸਪਸ਼ਟ ਹੁੰਦਾ ਹੋਵੇ ਕਿ ਵੋਟਰ ਵੋਟ ਪਾਉਣ ਲਈ ਯੋਗ ਹੈ ਅਤੇ Santa Clara ਕਾਉਂਟੀ ਵਿੱਚ ਰਜਿਸਟਰਡ ਹੈ। ਫਿਰ ਵੋਟਰ ਨੂੰ ਬੈਲਟ ਆਰਜ਼ੀ ਬੈਲਟ ਲਿਫਾਫੇ ਵਿੱਚ ਸੀਲਬੰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਇਸ ਨੂੰ ROV ਦੇ ਮੁੱਖ ਦਫ਼ਤਰ ਵਿੱਚ ਵਾਪਸ ਭੇਜਿਆ ਜਾ ਸਕੇ।

ਅਧਿਕਾਰਤ ਕੈਨਵਸ ਦੌਰਾਨ, ਸਟਾਫ਼ ਵੱਲੋਂ ਵੋਟਰ ਦੇ ਪਤੇ ਦੀ ਪੁਸ਼ਟੀ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਆਰਜ਼ੀ ਬੈਲਟ ਲਿਫਾਫੇ ਦੇ ਦਸਤਖ਼ਤ ਵੋਟਰ ਦੀ ਰਜਿਸਟ੍ਰੇਸ਼ਨ ਦੇ ਹਲਫ਼ਨਾਮੇ ਜਾਂ ਵੋਟਰ ਰਜਿਸਟ੍ਰੇਸ਼ਨ ਫਾਈਲ ਦੇ ਕਿਸੇ ਦੂਜੇ ਦਸਤਖ਼ਤਾਂ ਨਾਲ ਮੇਲ ਖਾਂਦੇ ਹੋਣ। ਦਸਤਖ਼ਤ ਵਿੱਚ ਨਾਮ ਦੇ ਪਹਿਲੇ, ਵਿਚਕਾਰਲੇ, ਜਾਂ ਦੋਵਾਂ ਭਾਗਾਂ ਦੇ ਛੋਟੇ ਦਸਤਖ਼ਤਾਂ ਨੂੰ ਬਦਲਣ ਨਾਲ ਜਾਂ ਦਸਤਖ਼ਤਾਂ ਵਿੱਚ ਫਰਕ ਪੈਣ ਨਾਲ, ਜਾਂ ਇਹਨਾਂ ਦੋਵਾਂ ਕਾਰਨਾਂ ਨਾਲ ਬੈਲਟ ਅਯੋਗ ਨਹੀਂ ਹੋ ਜਾਂਦਾ। ਸਟਾਫ਼ ਵੱਲੋਂ ਬੈਲਟ ਨੂੰ ਖੋਲ੍ਹਣ ਅਤੇ ਉਸਦੀ ਗਿਣਤੀ ਕਰਨ ਤੋਂ ਪਹਿਲਾਂ, ਵਧੀਕ ਯੋਗਤਾ ਲੋੜਾਂ ਦੀ ਪੁਸ਼ਟੀ ਕਰਨਾ ਵੀ ਲਾਜ਼ਮੀ ਹੈ।

ਆਰਜ਼ੀ ਬੈਲਟ ਦੀ ਵਰਤੋਂ ਕਰਨ ਵਾਲੇ ਹਰੇਕ ਵੋਟਰ ਨੂੰ ਲਿਫਾਫੇ ਤੋਂ ਰਸੀਦ ਨੂੰ ਫਾੜ ਕੇ ਆਪਣੇ ਕੋਲ ਰੱਖ ਲੈਣੀ ਚਾਹੀਦੀ ਹੈ, ਤਾਂਕਿ ਉਹ ਆਪਣੇ ਬੈਲਟ ਦੀ ਸਥਿਤੀ ROV ਦੀ ਵੈੱਬਸਾਈਟ 'ਤੇ ਟਰੈਕ ਕਰ ਸਕਣ।[13] ਇਹ ਜਾਣਨ ਲਈ ਕਿ ਉਹਨਾਂ ਦੇ ਬੈਲਟ ਨੂੰ ਗਿਣਤੀ ਵਿੱਚ ਸ਼ਾਮਲ ਕੀਤਾ ਗਿਆ ਹੈ ਜਾਂ ਨਹੀਂ, ਅਤੇ ਜੇ ਨਹੀਂ, ਤਾਂ ਉਸਦਾ ਕਾਰਨ ਪਤਾ ਕਰਨ ਲਈ, ਵੋਟਰ ROV ਨੂੰ ਸੰਪਰਕ ਕਰ ਸਕਦੇ ਹਨ ਜਾਂ ਵੈੱਬਸਾਈਟ[14] ਦੀ ਵਰਤੋਂ ਕਰ ਸਕਦੇ ਹਨ। ਇਹ ਉਮੀਦ ਕੀਤੀ ਜਾ ਰਹੀ ਹੈ ਕਿ ਨਵੇਂ ਵੋਟਿੰਗ ਸਿਸਟਮ ਦੇ ਲਾਗੂ ਹੋਣ ਅਤੇ ਇਲੈਕਟ੍ਰੋਨਿਕ ਪੋਲਬੁੱਕਾਂ ਦੀ ਵਰਤੋਂ ਨਾਲ ਆਰਜ਼ੀ ਬੈਲਟ ਕਾਸਟ ਕਰਨ ਵਾਲਿਆਂ ਦੀ ਗਿਣਤੀ ਕਾਫ਼ੀ ਹੱਦ ਤੱਕ ਘੱਟ ਜਾਵੇਗੀ।

---

[11] ਚੋਣ ਕੋਡ §4005

[12] ਚੋਣ ਕੋਡ §14310

[13] ਡਾਕ ਰਾਹੀਂ ਵੋਟ ਬੈਲਟ ਟਰੈਕਿੰਗ ਵੈੱਬਸਾਈਟ: https://eservices.sccgov.org/rov?tab=ab

[14] ਆਰਜ਼ੀ ਬੈਲਟ ਟਰੈਕਿੰਗ ਵੈੱਬਸਾਈਟ: https://eservices.sccgov.org/rov/?tab=pb

## ਵੋਟ ਕੇਂਦਰਾਂ ਵਿੱਚ ਪਹੁੰਚਯੋਗ ਵੋਟਿੰਗ

Santa Clara ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ (ROV) ਦਾ ਟੀਚਾ ਇਹ ਪੱਕਾ ਕਰਨਾ ਹੈ ਕਿ VCA ਦੀ ਯੋਜਨਾਬੰਧੀ ਅਤੇ ਲਾਗੂਕਰਨ ਦੇ ਸਮੇਂ ਹਰੇਕ ਵੋਟਰ ਦੀ ਪਹੁੰਚਯੋਗਤਾ ਦਾ ਧਿਆਨ ਰੱਖਿਆ ਜਾਵੇ। ROV ਵੱਲੋਂ ਵੋਟ ਕੇਂਦਰਾਂ, ਵੋਟਿੰਗ ਮਸ਼ੀਨਾਂ ਦੀ ਚੋਣ ਕਰਨ ਵੇਲੇ, ਅਤੇ ਚੋਣ ਅਧਿਕਾਰੀਆਂ ਦੀ ਸਿਖਲਾਈ ਅਤੇ ਪਲੇਸਮੈਂਟ ਕਰਦੇ ਸਮੇਂ, ਪਹੁੰਚਯੋਗਤਾ ਨੂੰ ਮੁੱਖ ਤੌਰ 'ਤੇ ਧਿਆਨ ਵਿੱਚ ਰੱਖਿਆ ਜਾਂਦਾ ਹੈ, ਤਾਂ ਕਿ ਵੋਟਰਾਂ ਦੀ ਹਰੇਕ ਅਤੇ ਸਾਰੀਆਂ ਮੰਗਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕੇ। ROV ਵੱਲੋਂ ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਵਰਗੇ ਪੁਰਾਣੇ ਸਥਾਪਤ ਪ੍ਰੋਗਰਾਮਾਂ ਦੇ ਨਾਲ-ਨਾਲ ਨਵੀਆਂ ਵੋਟਿੰਗ ਮਸ਼ੀਨਾਂ ਦੀ ਵਰਤੋਂ ਵੀ ਕੀਤੀ ਜਾਵੇਗੀ, ਤਾਂ ਕਿ ਹਰੇਕ ਵੋਟਰ ਲਈ ਇੱਕ ਸੁਰੱਖਿਅਤ, ਪਹੁੰਚਯੋਗ, ਅਤੇ ਸੁਤੰਤਰ ਵੋਟਿੰਗ ਅਨੁਭਵ ਦਾ ਸਮਰਥਨ ਕੀਤਾ ਜਾ ਸਕੇ। Santa Clara ਕਾਉਂਟੀ ਵੱਲੋਂ ਸਾਰੇ ਵੋਟਿੰਗ ਕੇਂਦਰਾਂ 'ਤੇ ਪਹੁੰਚਯੋਗ ਵੋਟਿੰਗ ਦੀ ਸੁਵਿਧਾ ਪਹਿਲਾਂ ਵੀ ਪ੍ਰਦਾਨ ਕੀਤੀ ਜਾਂਦੀ ਸੀ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਕੀਤੀ ਜਾਵੇਗੀ[15]।

ROV ਵੱਲੋਂ ਵੋਟ ਕੇਂਦਰ ਸੰਬੰਧੀ ਸਹੂਲਤਾਂ ਦੀਆਂ ਵਿਸ਼ੇਸ਼ਤਾਵਾਂ ਨਿਰਧਾਰਿਤ ਕਰਨ ਲਈ, ਜੋ ਮਿਆਰਾਂ 'ਤੇ ਖਰਾ ਉਤਰਦੀਆਂ ਹਨ, ਅਤੇ ਜਿਨ੍ਹਾਂ ਨੂੰ ਸੋਧਣ ਦੀ ਲੋੜ ਹੈ, California ਸੈਕ੍ਰੇਟਰੀ ਔਫ਼ ਸਟੇਟ ਦੇ ਪਹੁੰਚਯੋਗਤਾ ਜਾਂਚ-ਸੂਚੀ ਸਰਵੇਖਣ ਦੀ ਵਰਤੋਂ ਕੀਤੀ ਜਾਵੇਗੀ। ਸਾਰੇ ਸੰਸ਼ੋਧਨਾਂ ਨੂੰ ਡਿਲੀਵਰੀ ਸਿਸਟਮ ਵਿੱਚ ਅਤੇ ਨਕਸ਼ਿਆਂ, ਉਦਾਹਰਨਾਂ ਅਤੇ ਫ਼ੋਟੋਆਂ ਸਮੇਤ ਵਿਅਕਤੀਗਤ ਵੋਟ ਕੇਂਦਰ ਕਿਤਾਬਚਿਆਂ ਵਿੱਚ ਲਾਗੂ ਕੀਤਾ ਜਾਵੇਗਾ ਅਤੇ ਇਹ ਸਭ ਕੁਝ ਸੁਪਰਵਾਈਜ਼ਰਾਂ ਨੂੰ ਦਿੱਤਾ ਜਾਵੇਗਾ ਜੋ ਕੇਂਦਰ ਨੂੰ ਤਿਆਰ ਅਤੇ ਆਪਰੇਟ ਕਰਨ ਲਈ ਜ਼ਿੰਮੇਵਾਰ ਹਨ। ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਸੰਸ਼ੋਧਨ ਅਸਮਰਥਤਾਵਾਂ ਵਾਲੇ ਅਮਰੀਕਾ ਵਾਸੀਆਂ ਲਈ ਬਣੇ ਅਧਿਨਿਯਮਾਂ (ADA)[16] ਦੀਆਂ ਲੋੜਾਂ ਨੂੰ ਪੂਰਾ ਕਰਦੇ ਹੋਣ, ਅਤੇ ਇਹਨਾਂ ਵਿੱਚ ADA ਦੀਆਂ ਪਾਰਕਿੰਗ ਥਾਵਾਂ, ਰੈਂਪ, ਦਰਵਾਜ਼ੇ, ਲਾਂਘੇ ਸ਼ਾਮਲ ਹੋ ਸਕਦੇ ਹਨ।

Santa Clara ਦਾ ਹਰੇਕ ਵੋਟ ਕੇਂਦਰ ਘੱਟੋ-ਘੱਟ ਤਿੰਨ (3), ਅਤੇ ਵੱਧ ਤੋਂ ਵੱਧ ਛੇ (6) ਪਹੁੰਚਯੋਗ ਬੈਲਟ 'ਤੇ ਨਿਸ਼ਾਨ ਲਗਾਉਣ ਦੇ ਡਿਵਾਈਸ (BMD) ਨਾਲ ਲੈਸ ਹੋਵੇਗਾ। ਡੋਮੀਨੀਅਨ ਵੋਟਿੰਗ ਸਿਸਟਮ ICX BMD ਵੱਲੋਂ ਕੁਝ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਸੁਤੰਤਰ ਵੋਟਿੰਗ ਅਨੁਭਵ ਮੁਹੱਈਆ ਕਰਵਾਇਆ ਜਾਵੇਗਾ। ਹਰੇਕ ਵੋਟਿੰਗ ਕੇਂਦਰ ਦੀਆਂ BMD ਵਿੱਚ ਵੋਟਿੰਗ ਵਿਧੀ ਦੇ ਵਿਕਲਪਾਂ ਦੀਆਂ ਬਹੁ-ਭਾਂਤੀ ਕਿਸਮਾਂ ਦੇ ਨਾਲ ADA ਅਨੁਰੂਪ ਵਿਸ਼ੇਸ਼ਤਾਵਾਂ ਅਤੇ ਸਹਾਇਕ ਉਪਕਰਣ ਹੋਣਗੇ। ਇਹ ਯੂਨਿਟ ਸਾਰੀਆਂ ਬੈਲਟ ਕਿਸਮਾਂ ਅਤੇ ਭਾਸ਼ਾ ਦੇ ਸੰਸਕਰਨ ਨਾਲ ਪ੍ਰੋਗਰਾਮ ਕੀਤੇ ਹੋਣਗੇ।

Santa Clara ਕਾਉਂਟੀ ਦਾ ਇਲੈਕਟ੍ਰੋਨਿਕ ਵੋਟਿੰਗ ਸਿਸਟਮ ਦ੍ਰਿਸ਼ਟੀਹੀਣ ਵੋਟਰਾਂ ਨੂੰ ਨਿੱਜੀ ਤੌਰ 'ਤੇ ਵੋਟ ਪਾਉਣ ਅਤੇ ਬਿਨਾਂ ਕਿਸੀ ਸਹਾਇਤਾ ਦੇ ਬੈਲਟ ਕਾਸਟ ਕਰਨ ਦੀ ਯੋਗਤਾ ਪ੍ਰਦਾਨ ਕਰਦਾ ਹੈ। ਪਹੁੰਚਯੋਗ BMD ਇੱਕ ਆਡੀਓ ਵੋਟਿੰਗ ਹਿੱਸੇ ਨਾਲ ਲੈਸ ਹੁੰਦਾ ਹੈ ਜੋ ਵੋਟਰਾਂ ਨੂੰ ਆਪਣਾ ਬੈਲਟ ਸੁਣਨ ਅਤੇ ਪ੍ਰਦਾਨ ਕੀਤੇ ਗਏ ਪਹੁੰਚਯੋਗ ਕੀ-ਪੈਡ ਰਾਹੀਂ ਆਪਣੀ ਚੋਣ ਦਾਖ਼ਲ ਕਰਨ ਦੀ ਸੁਵਿਧਾ ਦਿੰਦਾ ਹੈ। ਇਹ ਸਿਸਟਮ ਆਡੀਓ, ਦ੍ਰਿਸਟੀਗਤ, ਅਤੇ ਸਪਰਸ਼ੀ ਇੰਟਰਫੇਸ ਦੀ ਸੁਵਿਧਾ ਦਿੰਦਾ ਹੈ ਜਿਨ੍ਹਾਂ ਨੂੰ ਵੋਟਰ ਨੈਵੀਗੇਟ ਕਰਨ ਲਈ ਅਤੇ ਬੈਲਟ 'ਤੇ ਨਿਸ਼ਾਨ ਲਗਾਉਣ ਲਈ ਆਪਣੀ ਤਰਜੀਹ ਅਨੁਸਾਰ ਕਿਸੇ ਵੀ ਸੁਮੇਲ ਵਿੱਚ ਵਰਤ ਸਕਦਾ ਹੈ। ਵੋਟਰ ਜੋ ਕਿ ਬੈਲਟ 'ਤੇ ਨਿਸ਼ਾਨ ਲਗਾਉਣ ਤੋਂ ਅਸਮਰੱਥ ਹਨ, ਸਹਾਇਤਾ ਕਰਨ ਲਈ ਦੋ ਤੱਕ ਵਿਅਕਤੀਆਂ ਨੂੰ ਆਪਣੇ ਨਾਲ ਲੈ ਕੇ ਆ ਸਕਦੇ ਹਨ। ਇਸ ਤੋਂ ਇਲਾਵਾ, ROV ਵੱਲੋਂ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG) ਦੀਆਂ ਆਡੀਓ ਟੇਪਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜੋ ਕਿ ਬੇਨਤੀ ਕਰਨ 'ਤੇ ਉਪਲਬਧ ਕਰਵਾਈਆਂ ਜਾਂਦੀਆਂ ਹਨ।

---

[15] ਚੋਣ ਕੋਡ §19240

[16] ਅਸਮਰਥਤਾਵਾਂ ਵਾਲੇ ਅਮਰੀਕਾ ਵਾਸੀਆਂ ਲਈ ਅਧਿਨਿਯਮਾਂ ਦੀ ਵੈੱਬਸਾਈਟ: https://www.ada.gov/

ਇੱਕ ਜਾਂ ਇੱਕ ਤੋਂ ਜ਼ਿਆਦਾ BMD ਦੇ ਅਸਫ਼ਲ ਹੋ ਜਾਣ ਜਾਂ ਖ਼ਰਾਬ ਹੋ ਜਾਣ ਦੇ ਮਾਮਲੇ ਵਿੱਚ, ROV ਵੱਲੋਂ ਲੋੜ ਅਨੁਸਾਰ ਕਿਸੇ ਵੀ ਡਿਵਾਈਸ ਨੂੰ ਬਦਲਣ ਦੀਆਂ ਵਿਧੀਆਂ ਫੌਰਨ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਬਦਲੀ ਦੀ ਇਸ ਪ੍ਰਕਿਰਿਆ ਦੀ ਤਰਜੀਹ ਟਿਕਾਣੇ ਦੇ ਕੰਮ ਕਰੇ ਰਹੇ ਉਪਲਬਧ ਯੂਨਿਟਾਂ, ਸਮਰੱਥਾ ਸੰਬੰਧੀ ਲੋੜਾਂ, ਅਤੇ ਖ਼ਰਾਬੀ ਦੀ ਤੀਬਰਤਾ ਦੇ ਅਨੁਸਾਰ ਤੈਅ ਕੀਤੀ ਜਾਂਦੀ ਹੈ। ਸਹਾਇਤਾ ਕਿਰਿਆ ਪ੍ਰਣਾਲੀ ਦਾ ਅਨੁਪਾਤ ਹੈ, ਹਰ ਛੇ (6) ਵੋਟ ਕੇਂਦਰ ਸਮੂਹਾਂ ਲਈ ਤਿੰਨ (3) ਟੀਮਾਂ ਨਾਲ ਇੱਕ (1) ਸਹਾਇਤਾ ਸਾਈਟ।

ਵਧੀਕ ਪਹੁੰਚਯੋਗਤਾ ਸੇਵਾਵਾਂ ਜੋ ਕਿ ਹਰੇਕ ਵੋਟ ਕੇਂਦਰ 'ਤੇ ਉਪਲਬਧ ਹੋਣਗੀਆਂ, ਉਹ ਹਨ ਕਰਬਸਾਈਡ ਵੋਟਿੰਗ ਅਤੇ ਸਹਾਇਕਾਂ ਦਾ ਉਪਲਬਧ ਹੋਣਾ, ਜਿਨ੍ਹਾਂ ਨੂੰ ਮੁਲਾਂਕਣ ਕਰਨ ਅਤੇ ਵੋਟਰਾਂ ਦੀਆਂ ਸਾਰੀਆਂ ਲੋੜਾਂ ਨੂੰ ਵੋਟ ਕੇਂਦਰ ਕਾਰਵਾਈ ਰਾਹੀਂ ਹੱਲ ਕਰਨ ਦੀ ਸਿਖਲਾਈ ਮਿਲੀ ਹੋਵੇਗੀ।

## ਭਾਸ਼ਾ ਸੰਬੰਧੀ ਸਹਾਇਤਾ

ROV ਦਾ ਟੀਚਾ ਹੈ ਕਿ ਹਰੇਕ ਵੋਟ ਕੇਂਦਰ ਸਾਰੀਆਂ ਲੋੜੀਂਦੀਆਂ ਭਾਸ਼ਾਵਾਂ ਲਈ ਕੁਝ ਨਾ ਕੁਝ ਭਾਸ਼ਾ ਸੰਬੰਧੀ ਸਹਾਇਤਾ ਜ਼ਰੂਰ ਪ੍ਰਦਾਨ ਕਰੇ[17]। Santa Clara ਕਾਉਂਟੀ ਲਈ, ਇਹ ਭਾਸ਼ਾਵਾਂ ਹਨ:

- ਅੰਗਰੇਜ਼ੀ
- ਚੀਨੀ
- ਸਪੈਨਿਸ਼
- ਟੈਗਾਲੋਗ
- ਵੀਅਤਨਾਮੀ
- ਖਮੇਰ
- ਕੋਰੀਆਈ
- ਹਿੰਦੀ
- ਜਪਾਨੀ

ਕਿਸੇ ਵਿਸ਼ੇਸ਼ ਭਾਈਚਾਰੇ ਦੀਆਂ ਲੋੜਾਂ ਮੁਤਾਬਕ, ROV ਦੁਭਾਸ਼ੀਏ ਸਟਾਫ਼ ਨੂੰ ਭਰਤੀ ਕਰ ਸਕਦਾ ਹੈ ਜੋ ਉਸ ਭਾਈਚਾਰੇ ਦੀਆਂ ਪ੍ਰਮੁੱਖ ਭਾਸ਼ਾਵਾਂ ਬੋਲ ਸਕਦਾ ਹੋਵੇ। ਭਾਸ਼ਾ ਸੰਬੰਧੀ ਖਾਸ ਲੋੜਾਂ ਵਾਲੇ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ, ਹਾਲਾਂਕਿ, ਜੇਕਰ ਦੁਭਾਸ਼ੀਆ ਸਟਾਫ਼ ਉਪਲਬਧ ਨਹੀਂ ਹੁੰਦਾ, ਤਾਂ ਵੋਟ ਕੇਂਦਰ ਦਾ ਸਟਾਫ਼ ROV ਨਾਲ ਸੰਪਰਕ ਕਰਕੇ ਵੋਟਰ ਨੂੰ ਦਫ਼ਤਰ ਦੇ ਦੁਭਾਸ਼ੀਏ ਸਟਾਫ਼ ਨਾਲ ਜਾਂ ਕਾਉਂਟੀ ਦੀ ਫ਼ੋਨ ਅਨੁਵਾਦ ਸੇਵਾ ਨਾਲ ਕਨੈਕਟ ਕਰੇਗਾ।

ਵੋਟਰ ਡਾਟਾਬੇਸ ਤੋਂ ਲਏ ਗਏ ਮੈਪਿੰਗ ਅਤੇ ਭਾਸ਼ਾ ਸੰਬੰਧੀ ਡਾਟੇ ਦੀ ਵਰਤੋਂ ਕਰਦੇ ਹੋਏ, ROV ਨੇ ਦੁਭਾਸ਼ੀਏ ਸਟਾਫ਼ ਨੂੰ ਸਥਾਪਤ ਕਰਨ ਲਈ ਉਹਨਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ, ਜਿੱਥੇ ਉਹ ਭਾਈਚਾਰੇ ਨੂੰ ਸਭ ਤੋਂ ਪ੍ਰਭਾਵਸ਼ਾਲੀ ਤਰੀਕੇ ਨਾਲ ਸਹਾਇਤਾ ਪ੍ਰਦਾਨ ਕਰ ਸਕਣਗੇ। ਕੁਝ ਖਾਸ ਭਾਸ਼ਾ ਸੰਬੰਧੀ ਭਾਈਚਾਰਿਆਂ ਵਿਚਲੇ ਵੋਟ ਕੇਂਦਰਾਂ 'ਤੇ ਦੁਭਾਸ਼ੀਏ ਚੋਣ ਅਧਿਕਾਰੀਆਂ ਨੂੰ ਸਥਾਪਤ ਕਰਨ ਦਾ ਕੰਮ ਉਦੋਂ ਹੀ ਕੀਤਾ ਜਾਵੇਗਾ ਜਦੋਂ ਪੂਰੀ ਕਾਉਂਟੀ ਦੇ ਹਰੇਕ ਵੋਟ ਕੇਂਦਰ ਵਿੱਚ ਹਰੇਕ ਭਾਸ਼ਾ ਲਈ ਭਰਤੀ ਕਰਨ ਵਾਸਤੇ ਦੁਭਾਸ਼ੀਏ ਚੋਣ ਅਧਿਕਾਰੀਆਂ ਦੀ ਉਚਿਤ ਗਿਣਤੀ ਮੌਜੂਦ ਨਹੀਂ ਹੋਵੇਗੀ।

ਵੋਟਿੰਗ ਨਾਲ ਸੰਬੰਧਿਤ ਸਾਰਾ ਸਾਮਾਨ ਸੰਘੀ ਤੌਰ 'ਤੇ ਲਾਜ਼ਮੀ ਕੀਤੀਆਂ ਹੋਈਆਂ ਚਾਰ ਭਾਸ਼ਾਵਾਂ ਵਿੱਚ ਉਪਲਬਧ ਕਰਵਾਇਆ ਜਾਵੇਗਾ। ਅਧਿਕਾਰਤ ਬੈਲਟ, CVR ਅਤੇ ਆਰਜ਼ੀ ਲਿਫਾਫੇ, ਅਤੇ ਵੋਟ ਕੇਂਦਰ ਦੇ ਸਾਰੇ ਸਾਈਨੇਜਾਂ ਵਿੱਚ ਸੰਘੀ ਤੌਰ 'ਤੇ ਲਾਜ਼ਮੀ ਕੀਤੀਆਂ ਹੋਈਆਂ

[17] ਚੋਣ ਕੋਡ §12303

ਚਾਰ ਭਾਸ਼ਾਵਾਂ, ਰਾਜ ਵੱਲੋਂ ਲਾਜ਼ਮੀ ਕੀਤੀਆਂ ਹੋਈਆਂ ਦੋ ਭਾਸ਼ਾਵਾਂ, ਖਮੇਰ ਅਤੇ ਕੋਰੀਆਈ, ਸ਼ਾਮਲ ਹੋਣਗੀਆਂ, ਅਤੇ ਨਾਲ ਹੀ ਜਾਪਾਨੀ ਅਤੇ ਹਿੰਦੀ, ਜਿਨ੍ਹਾਂ ਦੀ ਵੈਸੇ ਕੋਈ ਲੋੜ ਨਹੀਂ ਹੈ ਪਰ ਕਾਉਂਟੀ ਵੱਲੋਂ ਇਤਿਹਾਸਕ ਤੌਰ 'ਤੇ ਪ੍ਰਦਾਨ ਕੀਤੀਆਂ ਜਾਣ ਕਰਕੇ, ਉਹ ਵੀ ਸ਼ਾਮਲ ਹੋਣਗੀਆਂ।

ਜਦੋਂ ਕੋਈ ਖਾਸ ਦੁਭਾਸ਼ੀਆ ਕਰਮਚਾਰੀ ਉਪਲਬਧ ਨਹੀਂ ਹੁੰਦਾ, ਤਾਂ ਵੋਟ ਕੇਂਦਰ ਦਾ ਸਟਾਫ਼ ROV ਦਫ਼ਤਰ ਵਿੱਚ ਕਾੱਲ ਕਰਕੇ ਸਾਡੇ ਕਿਸੇ ਦੁਭਾਸ਼ੀਏ ਸਟਾਫ਼ ਦੇ ਨਾਲ ਗੱਲ ਕਰ ਸਕਦਾ ਹੈ। ਇਸ ਤੋਂ ਇਲਾਵਾ, ਸਾਨੂੰ ਪ੍ਰਾਪਤ ਹੋਈ ਕੋਈ ਵੀ ਭਾਸ਼ਾ ਸੰਬੰਧੀ ਬੇਨਤੀ ਅਸੀਂ ਕਾਉਂਟੀ ਦੀ ਫ਼ੋਨ ਅਨੁਵਾਦ ਸੇਵਾ ਰਾਹੀਂ ਪੂਰੀ ਕਰ ਸਕਦੇ ਹਾਂ।

ਵੋਟਿੰਗ ਸੰਬੰਧੀ ਸਾਰੀ ਜਾਣਕਾਰੀ ਪ੍ਰਿੰਟ ਰੂਪ ਵਿੱਚ ਅਤੇ ਇਲੈਕਟ੍ਰੋਨਿਕ ਤੌਰ 'ਤੇ (ਲੈਪਟਾਪ, ਜਿਸ ਵਿੱਚ ਕਾਉਂਟੀ ਵੋਟਰ ਜਾਣਕਾਰੀ ਗਾਈਡ (CVIG), ਜਿਵੇਂ ਕਿ ਜੂਨ ਅਤੇ ਨਵੰਬਰ 2018 ਦੇ ਆਰੰਭਿਕ ਵੋਟ ਕੇਂਦਰਾਂ 'ਤੇ ਵਰਤਿਆ ਗਿਆ ਸੀ) ਦੋਨਾਂ ਵਿੱਚ, ਸੰਘੀ ਤੌਰ 'ਤੇ ਲਾਜ਼ਮੀ ਕੀਤੀਆਂ ਹੋਈਆਂ ਚਾਰ ਭਾਸ਼ਾਵਾਂ ਵਿੱਚ ਉਪਲਬਧ ਹੋਵੇਗੀ। ਸਾਰੇ ਵੋਟ ਕੇਂਦਰਾਂ ਦੇ ਸਾਈਨਬੋਰਡ ਲਗਾਏ ਜਾਣਗੇ, ਜੋ ਇਹ ਦੱਸਣਗੇ ਕਿ ਇੱਥੇ ਭਾਸ਼ਾ ਸੰਬੰਧੀ ਸਹਾਇਤਾ ਉਪਲਬਧ ਹੈ।

## ਵੋਟ ਕੇਂਦਰ ਦੀ ਸਥਾਪਨਾ ਸੰਬੰਧੀ ਵਿਚਾਰ

ROV ਵੱਲੋਂ **ਬੈਲਟ ਡ੍ਰੌਪ-ਔਫ਼ ਟਿਕਾਣੇ** ਭਾਗ ਵਿੱਚ ਦਿੱਤੇ ਹੋਏ ਸੈਕ੍ਰੇਟਰੀ ਔਫ਼ ਸਟੇਟ ਵੱਲੋਂ ਲਾਜ਼ਮੀ ਕੀਤੇ 14 ਮਾਪਦੰਡਾਂ ਦੀ ਵਰਤੋਂ ਕੀਤੀ ਗਈ। ਕਈ ਸਾਰੇ ਉਪਲਬਧ ਸਰੋਤਾਂ (ਉਦਾਹਰਨ ਲਈ, ਅਮਰੀਕੀ ਸਮੁਦਾਇ ਸਰਵੇਖਣ, ROV ਵੋਟਰ ਡਾਟਾਬੇਸ, VTA ਬਸ ਅੱਡੇ) ਤੋਂ ਇਕੱਤਰ ਕੀਤੇ ਡਾਟਾ ਦੀ ਵਰਤੋਂ ਕਰਕੇ ਇਹਨਾਂ ਮਾਪਦੰਡਾਂ ਵਿੱਚੋਂ ਕੁਝ ਲਈ ਮਾਤਰਾ ਨੂੰ ਨਿਰਧਾਰਿਤ ਕੀਤਾ ਗਿਆ। ਇਹਨਾਂ ਮਾਪਦੰਡਾਂ ਵਿੱਚ ਜਨਤਕ ਆਵਾਜਾਈ, ਟ੍ਰੈਫਿਕ ਪੈਟਰਨ, ਜਨਸੰਖਿਆ ਕੇਂਦਰ, ਅਲਪਸੰਖਿਅਕ ਭਾਸ਼ਾਵਾਂ ਵਾਲੇ ਸਮੁਦਾਇ, ਅਸਮਰਥਤਾਵਾਂ, ਘੱਟ ਵਾਹਨ ਮਲਕੀਅਤ, ਘੱਟ ਆਮਦਨ, ਡਾਕ ਰਾਹੀਂ ਵੋਟ ਦੀ ਘੱਟ ਵਰਤੋਂ ਅਤੇ ਘੱਟ ਵੋਟਰ ਰਜਿਸਟ੍ਰੇਸ਼ਨ ਸ਼ਾਮਲ ਹਨ (ਡਾਟਾ ਨਕਸ਼ਿਆਂ ਲਈ ਅੰਤਕਾ G ਦੇਖੋ, ਜਿਨ੍ਹਾਂ ਦੀ ਵਰਤੋਂ ਸੰਭਾਵੀ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਨੂੰ ਸੋਧਿਤ ਕਰਨ ਲਈ ਕੀਤੀ ਜਾਂਦੀ ਹੈ)।

ROV ਦੀ ਵੋਟ ਕੇਂਦਰਾਂ ਲਈ ਆਦਰਸ਼ਕ ਟਿਕਾਣੇ ਨਿਰਧਾਰਿਤ ਕਰਨ ਵਿੱਚ ਮਦਦ ਕਰਨ ਲਈ, ਸਾਇਟਿੰਗ ਟੂਲ ਬਣਾਇਆ ਗਿਆ ਸੀ, ਜਿਸਨੂੰ "DOTS" ਕਿਹਾ ਜਾਂਦਾ ਹੈ। ਮਾਡਲ ਨੇ ਕਾਉਂਟੀ ਨੂੰ 0.5-ਮੀਲ ਦੇ ਗ੍ਰਿਡਾਂ ਵਿੱਚ ਵੰਡ ਦਿੱਤਾ। ਹਰੇਕ ਗ੍ਰਿਡ ਨੂੰ ਉੱਪਰ ਸੂਚੀਬੱਧ ਕੀਤੇ ਹਰ ਮਾਪਦੰਡ ਲਈ ਇੱਕ ਤੋਂ ਲੈ ਕੇ ਪੰਜ ਤੱਕ ਦੇ ਸਕੋਰ ਨਾਲ ਰੇਟ ਕੀਤਾ ਗਿਆ। ਅੰਤ ਵਿੱਚ ਕੁੱਲ ਸਕੋਰ ਪ੍ਰਾਪਤ ਕਰਨ ਲਈ ਹਰੇਕ ਵਿਅਕਤੀਗਤ ਸਕੋਰ ਨੂੰ ਆਪਸ ਵਿੱਚ ਜੋੜਿਆ ਗਿਆ। ਸੰਭਾਵੀ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਨੂੰ ਇਸ ਸਕੋਰ ਨਕਸ਼ੇ ਦੇ ਉੱਪਰ ਰੱਖਿਆ ਗਿਆ। ਜਿਹੜੇ ਟਿਕਾਣੇ ਉੱਚ ਸਕੋਰ ਕਰਨ ਵਾਲੇ ਗ੍ਰਿਡਾਂ ਦੇ ਵਿੱਚ, ਜਾਂ ਨੇੜੇ ਪਾਏ ਗਏ, ਉਹਨਾਂ ਨੂੰ ਤਰਜੀਹ ਦਿੱਤੀ ਗਈ, ਕਿਉਂਕਿ ਉਹਨਾਂ ਦਾ ਜ਼ਿਆਦਾ ਮਾਪਦੰਡਾਂ ਨਾਲ ਮਿਲਾਨ ਹੋਇਆ।

ਇਸ ਕਾਰਵਾਈ ਵਿੱਚ ਜਨਤਾ ਵੱਲੋਂ ਦਿੱਤੇ ਗਏ ਵਿਚਾਰਾਂ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ। ਸਭ ਤੋਂ ਜ਼ਿਆਦਾ ਮਹੱਤਵਪੂਰਨ ਵਿਚਾਰ ਜੋ ਜਨਤਕ ਫੀਡਬੈਕ ਤੋਂ ਪ੍ਰਾਪਤ ਹੋਏ, ਉਹਨਾਂ ਵਿੱਚ ਸ਼ਾਮਲ ਸਨ ਜਨਸੰਖਿਆ ਕੇਂਦਰਾਂ ਤੋਂ ਨੇੜਤਾ, ਟ੍ਰੈਫਿਕ ਪੈਟਰਨ, ਅਲਪਸੰਖਿਅਕ ਭਾਸ਼ਾਵਾਂ ਵਾਲੇ ਸਮੁਦਾਇ, ਅਸਮਰਥਤਾਵਾਂ ਵਾਲੇ ਵੋਟਰ, ਅਤੇ ਜਨਤਕ ਆਵਾਜਾਈ। ROV ਨੇ ਇਤਿਹਾਸਕ ਤੌਰ 'ਤੇ ਘੱਟ ਵੋਟਰ ਰਜਿਸਟ੍ਰੇਸ਼ਨ ਅਤੇ ਡਾਕ ਰਾਹੀਂ ਵੋਟ ਦੀ ਘੱਟ ਵਰਤੋਂ ਕਰਨ ਵਾਲੇ ਭਾਈਚਾਰਿਆਂ ਤੋਂ ਨੇੜਤਾ ਨੂੰ ਵਧੀਕ ਮਹੱਤਤਾ ਨਾਲ ਜੋੜਿਆ, ਕਿਉਂਕਿ ਇਹ ਸਮੁਦਾਇ

ਸ਼ਰਤਬੱਧ ਵੋਟਰ ਰਜਿਸਟ੍ਰੇਸ਼ਨ ਅਤੇ ਵਿਅਕਤੀਗਤ ਤੌਰ 'ਤੇ ਵੋਟਿੰਗ ਵਰਗੀਆਂ ਵੋਟ ਕੇਂਦਰ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦਾ ਸਭ ਤੋਂ ਜ਼ਿਆਦਾ ਫਾਇਦਾ ਚੁੱਕ ਸਕਦੇ ਹਨ। ਸਾਈਟ ਨਿਰਧਾਰਿਤ ਕਰਨ ਵਿੱਚ ਮਦਦ ਕਰਨ ਵਾਲੇ ਟੂਲ ਦਾ ਵਿਕਾਸ ਕਰਨ ਦੀ ਪ੍ਰਕਿਰਿਆ ਵਿੱਚ ਜਨਤਾ ਅਤੇ ROV ਸਟਾਫ਼ ਵੱਲੋਂ ਚੁਣੇ ਗਏ ਮਾਪਦੰਡਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ।

ਇਸ ਤੋਂ ਇਲਾਵਾ, ਵੋਟ ਕੇਂਦਰ ਦੀਆਂ ਸੀਮਾਵਾਂ ਨੂੰ ਸਥਾਪਤ ਕੀਤਾ ਗਿਆ, ਤਾਂ ਕਿ ਵੋਟ ਕੇਂਦਰ ਦੀ ਦੂਰੀ ਅਤੇ ਉਸ ਤੱਕ ਪਹੁੰਚਣ ਵਿੱਚ ਲੱਗਣ ਵਾਲੇ ਸਮੇਂ ਨੂੰ ਸੀਮਾਬੱਧ ਕੀਤਾ ਜਾ ਸਕੇ। ਉਪਲਭਤਾ, ਕੀਮਤ, ਆਕਾਰ, ਕਮਰੇ ਦੀ ਬਣਾਵਟ, ਪਾਰਕਿੰਗ ਤੱਕ ਪਹੁੰਚ, ਅਤੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਵਿਕਲਪਿਕ ਵਿਧੀਆਂ ਦੀ ਲੋੜ ਵਰਗੇ ਹੋਰ ਮਾਪਦੰਡਾਂ ਦਾ ਮਾਮਲੇ-ਦਰ-ਮਾਮਲੇ ਦੇ ਹਿਸਾਬ ਨਾਲ ਮੁਲਾਂਕਣ ਕੀਤਾ ਗਿਆ।

ਮੌਜੂਦਾ ਸਥਿਤੀ ਵਿੱਚ, ROV ਉਪਲਬਧ ਸਰੋਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮੋਬਾਈਲ ਵੋਟ ਕੇਂਦਰ ਮੁਹੱਈਆ ਨਹੀਂ ਕਰਵਾ ਸਕਦਾ। ਹਾਲਾਂਕਿ, ROV ਦਾ ਟੀਚਾ ਪੂਰੀ ਭੂਗੋਲਿਕ ਕਵਰੇਜ ਵਾਸਤੇ ਘੱਟੋ-ਘੱਟ ਲੋੜਾਂ ਤੋਂ ਵੱਧ ਕੇ ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣੇ ਪ੍ਰਦਾਨ ਕਰਨ ਦਾ ਹੈ।

## ਚੋਣ ਅਧਿਕਾਰੀਆਂ ਦਾ ਗਠਨ

ROV ਵੱਲੋਂ ਵੋਟ ਕੇਂਦਰਾਂ ਵਿੱਚ ਸਟਾਫ਼ ਨਿਯੁਕਤ ਕਰਨ ਲਈ ਚੋਣ ਅਧਿਕਾਰੀਆਂ (ਚੋਣ ਕੋਡ ਅਨੁਸਾਰ ਚੋਣ ਬੋਰਡ ਕਿਹਾ ਜਾਂਦਾ ਹੈ[18]) ਦੀ ਭਰਤੀ ਕੀਤੀ ਜਾਵੇਗੀ। ਚੋਣ ਅਧਿਕਾਰੀ ਜਿੰਨਾ ਹੋ ਸਕੇ ਓਨੇ ਜ਼ਿਆਦਾ ਬਹੁਭਾਂਤੀ ਭਾਈਚਾਰਿਆਂ ਤੋਂ ਹੋਣਗੇ, ਤਾਂ ਕਿ ਵੋਟਰਾਂ ਦੀ ਪ੍ਰਕਿਰਿਆ ਕਰਨ ਵਿੱਚ ਮਦਦ ਕਰਨ ਵਾਸਤੇ ਲੋੜ ਪੈਣ ਵਾਲੇ ਹੁਨਰਾਂ ਨੂੰ ਜਿੰਨਾ ਹੋ ਸਕੇ ਵਧਾਇਆ ਜਾ ਸਕੇ[19]। ਵੋਟ ਕੇਂਦਰ ਦੇ ਸਟਾਫ਼ ਨੂੰ ਗਾਹਕ ਸੇਵਾ, ਦੁਭਾਸ਼ੀਆ ਯੋਗਤਾ, ਵਿਭਿੰਨਤਾ ਅਤੇ ਸ਼ਮੂਲੀਅਤ ਲਈ ਸੰਵੇਦਨਸ਼ੀਲਤਾ, ਲੀਡਰਸ਼ਿਪ ਕੁਆਲਿਟੀਆਂ, ਤਕਨੀਕੀ ਯੋਗਤਾਵਾਂ, ਅਤੇ ਭਾਈਚਾਰੇ ਦੀ ਭਾਗੀਦਾਰੀ ਸੰਬੰਧੀ ਜਨ-ਸੇਵਾ ਵਰਗੀਆਂ ਵਿਸ਼ੇਸ਼ਤਾਵਾਂ ਵਿੱਚ ਅਨੁਭਵ ਪੇਸ਼ ਕਰਨਾ ਚਾਹੀਦਾ ਹੈ। ਉਹਨਾਂ ਨੂੰ ਨਵੀਂ ਵੋਟ ਕੇਂਦਰ ਤਕਨਾਲੋਜੀ, ਵੋਟਰਾਂ ਦੀ ਕਾਰਵਾਈ ਕਿਵੇਂ ਕਰਨੀ ਹੈ, ਅਤੇ ਭੀੜ ਨਿਯੰਤਰਨ ਪ੍ਰਬੰਧਨ ਸੰਬੰਧੀ ਸਿਖਲਾਈ ਦਿੱਤੀ ਜਾਵੇਗੀ। ਵਧੀਕ ਗਾਹਕ ਸੇਵਾ ਸਿਖਲਾਈ ਵਿਸ਼ਿਆਂ ਵਿੱਚ ਬਜ਼ੁਰਗਾਂ ਅਤੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਪਹੁੰਚਯੋਗਤਾ, ਸ਼ਮੂਲੀਅਤ ਅਤੇ ਠੀਕ ਢੰਗ ਨਾਲ ਸੰਚਾਰ ਸ਼ਾਮਲ ਹੈ। ROV ਵੱਲੋਂ ਸਭ ਤੋਂ ਵਧੀਆ ਉਮੀਦਵਾਰਾਂ ਦੀ ਚੋਣ ਉਹਨਾਂ ਦੀ ਯੋਗਤਾ ਅਤੇ ਸਮੁਦਾਇ ਦੀਆਂ ਲੋੜਾਂ ਮੁਤਾਬਕ ਕੀਤੀ ਜਾਵੇਗੀ। ਪਹਿਲਾਂ ਚੋਣ ਅਧਿਕਾਰੀਆਂ ਵਜੋਂ ਸੇਵਾ ਨਿਭਾ ਚੁੱਕੇ ਵਿਅਕਤੀਆਂ ਨੂੰ ਨਵੇਂ ਵਲੰਟੀਅਰ ਮੌਕਿਆਂ ਬਾਰੇ ਸੂਚਿਤ ਕਰ ਦਿੱਤਾ ਜਾਵੇਗਾ ਅਤੇ ਉਹਨਾਂ ਨੂੰ ਨਵੀਆਂ ਸਟਾਫ਼ ਦੀਆ ਲੋੜਾਂ ਸੰਬੰਧੀ ਵਚਨਬੱਧਤਾ ਨੂੰ ਪੂਰਾ ਕਰਨ 'ਤੇ ਭਰਤੀ ਕੀਤਾ ਜਾ ਸਕਦਾ ਹੈ।

ਚੋਣ ਅਧਿਕਾਰੀਆਂ ਦੇ ਗਠਨ ਵਿੱਚ ਵਾਧੂ ਮਦਦ ਕਰਨ ਵਾਲੇ ਕਾਉਂਟੀ ਦੇ ਕਰਮਚਾਰੀ ਅਤੇ ਵਜ਼ੀਫ਼ਾ ਲੈਣ ਵਾਲੇ ਵਲੰਟੀਅਰ ਸ਼ਾਮਲ ਹੋਣਗੇ। ਲੀਡ ਅਤੇ ਕਲਰਕਾਂ ਨੂੰ ਘੰਟਿਆਂ ਦੇ ਹਿਸਾਬ ਨਾਲ ਕੰਮ ਕਰਨ ਵਾਲੇ ਕਾਉਂਟੀ ਕਰਮਚਾਰੀਆਂ ਵਜੋਂ ਭਰਤੀ ਕੀਤਾ ਜਾਵੇਗਾ ਅਤੇ ਜ਼ਿਆਦਾਤਰ ਸਹਾਇਕ ਵਜ਼ੀਫ਼ੇ 'ਤੇ ਕੰਮ ਕਰਨ ਵਾਲੇ ਕਰਮਚਾਰੀ ਹੋਣਗੇ (ਜਿਵੇਂ ਕਿ ਪੁਰਾਣੇ ਚੋਣ ਅਧਿਕਾਰੀ, ਹਾਈ ਸਕੂਲ ਦੇ ਵਿਦਿਆਰਥੀ)। ਵੋਟ ਕੇਂਦਰ ਦੇ ਸਾਰੇ ਸਟਾਫ਼ ਨੂੰ ਉਹਨਾਂ ਦੀ ਭੂਮਿਕਾ ਦੇ ਅਨੁਸਾਰ ਸਿਖਲਾਈ ਦਿੱਤੀ ਜਾਵੇਗੀ ਅਤੇ ਉਹ, ਜੇਕਰ ਸਾਰੇ ਚੋਣ ਵਾਲੇ ਦਿਨਾਂ ਲਈ ਨਹੀਂ, ਤਾਂ ਇੱਕ ਦਿਨ (ਵਜ਼ੀਫ਼ੇ 'ਤੇ ਕੰਮ ਕਰਨ ਵਾਲੇ ਕਰਮਚਾਰੀ) ਤੋਂ ਲੈ ਕੇ ਕਈ ਦਿਨਾਂ ਤੱਕ ਕੰਮ ਕਰਨਗੇ। ROV ਪਹੁੰਚ ਸਮਾਰੋਹਾਂ ਵਿੱਚ ਚੋਣ

[18] ਚੋਣ ਕੋਡ §4005

[19] ਚੋਣ ਕੋਡ, ਭਾਗ 12, ਅਧਿਆਏ 4 ਦੀ ਧਾਰਾ 1

ਅਧਿਕਾਰੀਆਂ ਦੀ ਭਰਤੀ ਸ਼ਾਮਲ ਹੋਵੇਗੀ, ਜਿੱਥੇ ਉਹ ਮੌਕੇ 'ਤੇ ਇੱਕ ਅਰਜ਼ੀ ਭਰ ਸਕਦੇ ਹਨ, ਜੋ ਕਿ ਕਾਉਂਟੀ ਨੂੰ ਮਨਜ਼ੂਰੀ ਲਈ ਸਪੁਰਦ ਕੀਤੀ ਜਾਵੇਗੀ।

ਵੋਟ ਕੇਂਦਰ ਵਿਚਲੇ ਸਟਾਫ਼ ਦੀ ਭਰਤੀ ਉਸ ਕੇਂਦਰ ਦੇ ਆਕਾਰ ਅਤੇ ਚੋਣ ਵਾਲੇ ਦਿਨ ਤੋਂ ਨੇੜਤਾ ਦੇ ਅਨੁਸਾਰ ਕੀਤੀ ਜਾਵੇਗੀ। ਯੋਜਨਾ ਇਹ ਹੈ ਕਿ ਹਰੇਕ ਵੋਟ ਕੇਂਦਰ ਲਈ ਛੇ (6) ਤੋਂ ਪੰਦਰਾਂ (15) ਤੱਕ ਚੋਣ ਅਧਿਕਾਰੀ ਭਰਤੀ ਕੀਤੇ ਜਾਣਗੇ। ਵੱਡੇ ਵੋਟ ਕੇਂਦਰਾਂ ਲਈ ਅਤੇ ਚੋਣਾਂ ਵਾਲੇ ਦਿਨ ਦੇ ਨਜਦੀਕ ਆਉਣ 'ਤੇ ਜ਼ਿਆਦਾ ਭੀੜ ਵਾਲੇ ਸਮੇਂ ਅਤੇ ਦਿਨਾਂ ਲਈ ਜ਼ਿਆਦਾ ਸਟਾਫ਼ ਨਿਯੁਕਤ ਕੀਤਾ ਜਾਵੇਗਾ। ਕਾਉਂਟੀ ਦੀਆਂ ਭਾਸ਼ਾ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਲਈ ਕੋਸ਼ਿਸ਼ ਕੀਤੀ ਜਾਵੇਗੀ ਕਿ ਜਿੰਨੇ ਜ਼ਿਆਦਾ ਹੋ ਸਕਣ ਓਨੇ ਜ਼ਿਆਦਾ ਦੁਭਾਸ਼ੀਏ ਚੋਣ ਅਧਿਕਾਰੀ ਭਰਤੀ ਕੀਤੇ ਜਾਣ।

## ਇਲੈਕਟ੍ਰੋਨਿਕ ਪੋਲਬੁੱਕ (ਈ-ਪੋਲਬੁੱਕ)

VCA ਅਧੀਨ ਹੋਣ ਵਾਲੀਆਂ ਤਬਦੀਲੀਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ, ਵੋਟ ਕੇਂਦਰਾਂ ਨੂੰ ਈ-ਪੋਲਬੁੱਕਾਂ ਨਾਲ ਅੱਪਡੇਟ ਕੀਤਾ ਜਾਵੇਗਾ।[20] ਇੱਕ ਈ-ਪੋਲਬੁੱਕ ਇਲੈਕਟ੍ਰੋਨਿਕ ਹਾਰਡਵੇਅਰ ਅਤੇ ਸਾਫਟਵੇਅਰ ਦਾ ਸੁਮੇਲ ਹੁੰਦੀ ਹੈ, ਜਿਸਦੀ ਵਰਤੋਂ ਵੋਟ ਕੇਂਦਰਾਂ ਅਤੇ ROV ਦੀ ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ (EIMS) ਵਿਚਕਾਰ ਸੁਰੱਖਿਅਤ ਇਲੈਕਟ੍ਰੋਨਿਕ ਸੰਚਾਰ ਨੂੰ ਸੁਨਿਸ਼ਚਿਤ ਕਰਨ ਲਈ ਕੀਤੀ ਜਾਂਦੀ ਹੈ। ROV EIMS ਵੱਲੋਂ ਫਿਰ ਇਸ ਜਾਣਕਾਰੀ ਦਾ ਸੰਚਾਰ VoteCal ਨੂੰ ਕੀਤਾ ਜਾਂਦਾ ਹੈ। VoteCal ਪੂਰੇ ਰਾਜ ਦੇ ਵੋਟਰਾਂ ਦੀ ਰਜਿਸਟ੍ਰੇਸ਼ਨ ਦਾ ਇੱਕ ਕੇਂਦਰੀਕਿਰਤ ਡਾਟਾਬੇਸ ਹੈ, ਜੋ ਕਾਉਂਟੀ ਦੇ ਚੋਣ ਪ੍ਰਬੰਧਨ ਸਿਸਟਮ ਅਤੇ ਰਾਜ ਦੇ ਹੋਰ ਸਿਸਟਮਾਂ ਨਾਲ, ਜਿਵੇਂ ਕਿ ਸੁਧਾਈ ਅਤੇ ਮੁੜਵਸੇਬੇ ਦੇ ਵਿਭਾਗ, ਜਨਤਕ ਸਿਹਤ ਦੇ ਵਿਭਾਗ, ਅਤੇ ਮੋਟਰ ਵਾਹਨਾਂ ਦੇ ਵਿਭਾਗ, ਨਾਲ ਅੰਤਰਕਿਰਿਆ ਕਰਦਾ ਹੈ ਅਤੇ ਜਾਣਕਾਰੀ ਦਾ ਵਟਾਂਦਰਾ ਕਰਦਾ ਹੈ। ਇਹ ਨਵੀਂ VCA ਤਕਨਾਲੋਜੀ ਜਾਂ ਤਾਂ ਲੈਪਟਾਪ 'ਤੇ ਜਾਂ ਟੈਬਲੈੱਟ 'ਤੇ ਚੱਲੇਗੀ, ਪਰ ਇਸ ਨੂੰ *"ਹਾਰਡਨਡ"* ਕਰ ਦਿੱਤਾ ਜਾਵੇਗਾ; ਜਿਸਦਾ ਮਤਲਬ ਹੈ, ਕਿ ਡਿਵਾਈਸ 'ਤੇ ਸਿਰਫ਼ ROV ਵੱਲੋਂ ਮਨਜ਼ੂਰਸ਼ੁਦਾ ਈ-ਪੋਲਬੁੱਕ ਸਾਫਟਵੇਅਰ ਹੀ ਚੱਲੇਗਾ।

ਈ-ਪੋਲਬੁੱਕਾਂ ਵਿੱਚ ਰਜਿਸਟਰਡ ਵੋਟਰਾਂ ਦੀ ਇੱਕ ਇਲੈਕਟ੍ਰੋਨਿਕ ਸੂਚੀ ਹੋਵੇਗੀ (ਰੋਸਟਰ ਕ੍ਰਮ-ਸੂਚੀ) ਜੋ ਕਿ ਸ਼ਾਇਦ ਵੋਟ ਕੇਂਦਰਾਂ ਵਿੱਚ ਭੇਜੀ ਜਾਵੇਗੀ ਅਤੇ ਉੱਥੇ ਵਰਤੀ ਜਾਵੇਗੀ। ਰੋਸਟਰ ਕ੍ਰਮ-ਸੂਚੀ ਉਹਨਾਂ ਸਾਰੇ ਰਜਿਸਟਰਡ ਵੋਟਰਾਂ ਦੀ ਇੱਕ ਅਧਿਕਾਰਤ ਸੂਚੀ ਹੈ, ਜੋ ਚੋਣਾਂ ਵਿੱਚ ਵੋਟ ਪਾਉਣ ਲਈ ਯੋਗ ਹਨ। ਇਸਨੂੰ ਮੁੱਖ ਤੌਰ 'ਤੇ ਬੈਲਟ ਪ੍ਰਾਪਤ ਕਰਨ ਵਾਸਤੇ ਵੋਟਰ ਦੀ ਯੋਗਤਾ ਦੀ ਪੁਸ਼ਟੀ ਕਰਨ ਲਈ ਅਤੇ ਇੱਕੋ ਵਿਅਕਤੀ ਨੂੰ ਦੋ ਵਾਰ ਵੋਟ ਪਾਉਣ ਤੋਂ ਰੋਕਣ ਲਈ ਲਗਭਗ ਅਸਲ ਸਮੇਂ ਵਿੱਚ ਵੋਟਰ ਇਤਿਹਾਸ ਨੂੰ ਕੈਪਚਰ ਕਰਨ ਲਈ ਵਰਤਿਆ ਜਾਂਦਾ ਹੈ।

ਨਵੇਂ VCA ਮਾਡਲ ਦੇ ਅਧੀਨ, ਈ-ਪੋਲਬੁੱਕਾਂ ਨੂੰ ਇੱਕ ਸੁਰੱਖਿਅਤ ਲਾੱਕ ਕੀਤੇ ਵਾਟਰਪਰੂਫ਼ ਡੱਬੇ ਵਿੱਚ ਰੱਖਿਆ ਜਾਵੇਗਾ ਅਤੇ ਫਿਰ ਇੱਕ ਦੂਜੇ ਸੁਰੱਖਿਅਤ ਲਾੱਕ ਕੀਤੇ ਪਿੰਜਰੇ ਵਿੱਚ ਰੱਖਿਆ ਜਾਵੇਗਾ ਜਿਸਦੀ ਇੱਕ ਸੁਰੱਖਿਅਤ ਤਾਲੇ ਅਤੇ ਕੁੰਜੀ ਨਾਲ ਪਹੁੰਚ ਹੋਵੇਗੀ ਅਤੇ ਜਿਸ ਨੂੰ ਰੋਜ਼ਾਨਾ ਸਟੋਰੇਜ ਲਈ ਕਿਸੇ ਕਰਮਚਾਰੀ ਦੇ ਜ਼ਿੰਮੇ ਲਗਾਇਆ ਜਾਵੇਗਾ। ਕੰਮਕਾਜੀ ਘੰਟਿਆਂ ਦੌਰਾਨ, ਇਹਨਾਂ ਯੂਨਿਟਾਂ ਵਿੱਚ ਸਟੋਰ ਕੀਤਾ ਡਾਟਾ ਨਿਰੰਤਰ ਤੌਰ 'ਤੇ ਅੱਪਡੇਟ ਹੁੰਦਾ ਰਹਿੰਦਾ ਹੈ। ਈ-ਪੋਲਬੁੱਕਾਂ ਨੂੰ ਵਰਤੋਂਕਾਰ ਪਹੁੰਚ ਨਾਲ ਪ੍ਰੋਗਰਾਮ ਕੀਤਾ ਹੁੰਦਾ ਹੈ ਜਿਸਦੇ ਤਹਿਤ ਸਿਰਫ਼ ਅਧਿਕਾਰਤ ਵਰਤੋਂਕਾਰ ਹੀ ਸੁਰੱਖਿਅਤ ਕਲਾਊਡ ਸਰਵਰ 'ਤੇ ਸੁਰੱਖਿਅਤ ਕਨੈਕਸ਼ਨ ਦੀ ਵਰਤੋਂ ਕਰਕੇ ਲੌਗ-ਇਨ ਕਰ ਸਕਦੇ ਹਨ। ਇਹ ਕਲਾਊਡ ਸਰਵਰ ਵੋਟਰ ਡਾਟਾ ਵਿੱਚ ਹੋਣ ਵਾਲੀਆਂ ਅੱਪਡੇਟਾਂ ਦੇ ਸੰਚਾਰ ਲਈ ਡਾਟਾਬੇਸ ਅਤੇ ROV ਦੀ ਚੋਣ ਜਾਣਕਾਰੀ ਪ੍ਰਬੰਧਨ

[20] ਚੋਣ ਕੋਡ §2183

ਪ੍ਰਣਾਲੀ ਨਾਲ ਕਨੈਕਸ਼ਨ ਨੂੰ ਕਾਇਮ ਰੱਖਦਾ ਹੈ। ਈ-ਪੋਲਬੁੱਕ ਵਿੱਚ ਵੋਟਰ ਡਾਟਾ ਦੀ ਸੁਰੱਖਿਆ ਸੰਬੰਧੀ ਹੋਰ ਜਾਣਕਾਰੀ **ਭਾਗ 2: ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਦੇ ਵੋਟਿੰਗ ਸੁਰੱਖਿਆ** ਸੈਕਸ਼ਨ ਵਿੱਚ ਲੱਭੀ ਜਾ ਸਕਦੀ ਹੈ।

ਈ-ਪੋਲਬੁੱਕਾਂ ਦੀ ਵਰਤੋਂ ਵੋਟਰ ਰਜਿਸਟ੍ਰੇਸ਼ਨ ਡਾਟਾ ਦੀ ਪੁਸ਼ਟੀ ਕਰਨ ਲਈ ਕੀਤੀ ਜਾ ਸਕਦੀ ਹੈ, ਜਿਸ ਵਿੱਚ ਨਾਮ, ਪਤਾ, ਜਨਮ ਦੀ ਤਾਰੀਖ਼, ਤਰਜੀਹੀ ਭਾਸ਼ਾ, ਪਾਰਟੀ ਸਬੰਧੀ ਤਰਜੀਹ, ਪ੍ਰਿਸਿੰਕਟ, ਅਤੇ ਡਾਕ ਰਾਹੀਂ ਵੋਟ ਸਥਿਤੀ ਸ਼ਾਮਲ ਹੈ। ਇਸ ਤੋਂ ਇਲਾਵਾ, ਈ-ਪੋਲਬੁੱਕਾਂ ਵਿੱਚ ਅੱਗੇ ਦਿੱਤੀ ਵੋਟਰ ਜਾਣਕਾਰੀ ਕਦੇ ਵੀ ਸਟੋਰ ਨਹੀਂ ਕੀਤੀ ਜਾਂਦੀ: ਡਰਾਈਵਰ ਲਾਇਸੰਸ ਨੰਬਰ, ਜਾਂ ਸੋਸ਼ਲ ਸਿਕਿਉਰਟੀ ਨੰਬਰ ਦਾ ਕੋਈ ਹਵਾਲਾ। ਈ-ਪੋਲਬੁੱਕ ਲਗਭਗ ਅਸਲ-ਸਮੇਂ ਵਿੱਚ ਖੋਜ ਅਤੇ ਵੋਟਰ ਸਥਿਤੀ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ; ਜੋ ਆਵਸ਼ਕ ਰੂਪ ਨਾਲ, ਵੋਟਰਾਂ ਅਤੇ ROV ਦੇ ਚੋਣ ਅਧਿਕਾਰੀਆਂ ਲਈ ਵੋਟਿੰਗ ਅਨੁਭਵ ਬਿਹਤਰ ਬਣਾਉਣ ਵਿੱਚ ਸਹਾਈ ਹੁੰਦਾ ਹੈ।

## ਪਹੁੰਚ

### ਜਨਤਕ ਸਲਾਹ-ਮਸ਼ਵਰਾ

ਚੋਣ ਪ੍ਰਸ਼ਾਸਨ ਯੋਜਨਾ (EAP) ਦੀ ਪ੍ਰਕਿਰਿਆ ਵਿੱਚ ਸੰਮਿਲਿਤ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਵਜੋਂ, Santa Clara ਕਾਉਂਟੀ ਨੇ ਹੇਠਾਂ ਦਿੱਤੇ ਅਨੁਸਾਰ ਬਾਰਾਂ (12) ਜਨਤਕ ਸਲਾਹ-ਮਸ਼ਵਰਾ ਮੀਟਿੰਗਾਂ ਦਾ ਆਯੋਜਨ ਕੀਤਾ:

- ਆਮ ਜਨਤਾ ਦੇ ਨਾਲ ਦੋ (2) ਮੀਟਿੰਗਾਂ:

| | | |
|---|---|---|
| ਆਮ<br>12 ਜੂਨ, 2019<br>ਦੁਪਹਿਰ 2:00-3:30 ਵਜੇ ਤੱਕ | Santa Clara ਕਾਉਂਟੀ ਸਮਾਜਕ ਸੇਵਾਵਾਂ<br>ਕਮਰਾ 116 | 379 Tomkins Ct.<br>Gilroy, CA 95020 |
| ਆਮ<br>13 ਜੁਲਾਈ, 2019<br>ਦੁਪਹਿਰ 1:00-2:30 ਵਜੇ ਤੱਕ | ਵੋਟਰਾਂ ਦਾ ਰਜਿਸਟਰਾਰ<br>ਆਡੀਟੋਰੀਅਮ | 1555 Berger Dr., Bldg 2<br>San Jose, CA 95112 |

- ਪਹੁੰਚਯੋਗਤਾ ਦੇ ਸੰਬੰਧ ਵਿੱਚ ਜਨਤਾ ਨਾਲ ਦੋ (2) ਮੀਟਿੰਗਾਂ:

| | | |
|---|---|---|
| ਪਹੁੰਚਯੋਗਤਾ<br>13 ਜੂਨ, 2019<br>ਸ਼ਾਮ 5:00-7:00 ਵਜੇ ਤੱਕ | ਕਾਉਂਟੀ ਸਰਕਾਰੀ ਕੇਂਦਰ<br>ਕਮਰਾ 157 | 70 W. Hedding St.<br>San Jose, CA 95110 |
| ਪਹੁੰਚਯੋਗਤਾ<br>10 ਜੁਲਾਈ, 2019<br>ਸਵੇਰੇ 11:00 ਵਜੇ ਤੋਂ<br>ਦੁਪਹਿਰ 12:30 ਵਜੇ ਤੱਕ | Silicon Valley ਇੰਡੀਪੈਨਡੈਂਟ ਲਿਵਿੰਗ ਸੈਂਟਰ<br>ਬੋਰਡ ਰੂਮ | 25 N. 14th St. Suite 1000<br>San Jose, CA 95112 |

- ਕਾਉਂਟੀ ਦੇ ਸੇਧਿਤ ਭਾਸ਼ਾਵਾਂ ਵਾਲੇ ਭਾਈਚਾਰਿਆਂ ਦੇ ਲੋਕਾਂ ਨਾਲ ਅੱਠ (8) ਮੀਟਿੰਗਾਂ, ਜਿਨ੍ਹਾਂ ਨੂੰ ਭਾਸ਼ਾ ਪਹੁੰਚਯੋਗਤਾ ਸੰਬੰਧੀ ਚਿੰਤਾਵਾਂ ਹਨ:

| | | |
|---|---|---|
| ਵੀਅਤਨਾਮੀ<br>17 ਜੂਨ, 2019<br>ਸ਼ਾਮ 6:30 ਵਜੇ ਤੋਂ 8:00 ਵਜੇ ਤੱਕ | Tully San Jose ਬ੍ਰਾਂਚ ਲਾਇਬ੍ਰੇਰੀ<br>ਕਮਿਊਨਿਟੀ ਰੂਮ | 880 Tully Rd.<br>San Jose, CA 95111 |
| ਖਮੇਰ<br>18 ਜੂਨ, 2019<br>ਸ਼ਾਮ 5:30 ਵਜੇ ਤੋਂ 7:00 ਵਜੇ ਤੱਕ | ਕਾਉਂਟੀ ਸਰਕਾਰੀ ਕੇਂਦਰ<br>ਕਮਰਾ 157 | 70 W. Hedding St.<br>San Jose, CA 95110 |
| ਟੈਗਾਲੋਗ<br>21 ਜੂਨ, 2019<br>ਸ਼ਾਮ 4:30 ਵਜੇ ਤੋਂ 6:00 ਵਜੇ ਤੱਕ | Milpitas ਲਾਇਬ੍ਰੇਰੀ<br>ਆਡੀਟੋਰੀਅਮ | 160 N. Main St.<br>Milpitas, CA 95035 |
| ਸਪੈਨਿਸ਼<br>24 ਜੂਨ, 2019<br>ਸ਼ਾਮ 4:00 ਵਜੇ ਤੋਂ 5:30 ਵਜੇ ਤੱਕ | Mayfair ਕਮਿਊਨਿਟੀ ਸੈਂਟਰ<br>ਲਿੰਕਨ ਕਮਰਾ | 2039 Kammerer Ave.<br>San Jose, CA 95116 |
| ਚੀਨੀ<br>25 ਜੂਨ, 2019<br>ਸ਼ਾਮ 5:30 ਵਜੇ ਤੋਂ 7:00 ਤੱਕ | Quinlan ਕਮਿਊਨਿਟੀ ਸੈਂਟਰ<br>ਸੋਸ਼ਲ ਕਮਰਾ | 10185 N. Stelling Rd.<br>Cupertino, CA 95014 |
| ਕੋਰੀਆਈ<br>27 ਜੂਨ, 2019<br>ਦੁਪਹਿਰ 2:00 ਵਜੇ ਤੋਂ 3:30 ਵਜੇ ਤੱਕ | ਵੋਟਰਾਂ ਦਾ ਰਜਿਸਟਰਾਰ<br>ਆਡੀਟੋਰੀਅਮ | 1555 Berger Dr.,<br>Building 2<br>San Jose, CA 95112 |
| ਹਿੰਦੀ<br>8 ਜੁਲਾਈ, 2019<br>ਸ਼ਾਮ 7:30 ਵਜੇ ਤੋਂ 9:00 ਵਜੇ ਤੱਕ | ਇੰਡੀਅਨ ਕਮਿਊਨਿਟੀ ਸੈਂਟਰ<br>Gita & Ashok Vaish ਕਮਰਾ | 525 Los Coches St.<br>Milpitas, CA 95035 |
| ਜਪਾਨੀ<br>11 ਜੁਲਾਈ, 2019<br>ਸ਼ਾਮ 4:30 ਵਜੇ ਤੋਂ 6:00 ਤੱਕ | Joyce Ellington ਬ੍ਰਾਂਚ ਲਾਈਬ੍ਰੇਰੀ<br>ਕਮਿਊਨਿਟੀ ਰੂਮ | 491 E. Empire St.<br>San Jose, CA 95112 |

EAP ਮੀਟਿੰਗਾਂ ਦੀ ਸਮਾਂ-ਸੂਚੀ ਅਤੇ ਜਨਤਕ ਨੋਟਿਸ ਹਰੇਕ ਮੀਟਿੰਗ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਵੈੱਬਸਾਈਟ ‘ਤੇ ਪੋਸਟ ਕਰ ਦਿੱਤੇ ਗਏ ਸਨ। ਜਨਤਕ ਨੋਟਿਸਾਂ ਨੂੰ Santa Clara ਕਾਉਂਟੀ ਸਰਕਾਰੀ ਕੇਂਦਰ ਦੇ ਬਾਹਰ ਵੀ ਪੋਸਟ ਕੀਤਾ ਗਿਆ ਸੀ, ਜੋ ਕਿ 70 W. Hedding Street, San Jose, CA 95110 ‘ਤੇ ਸਥਿਤ ਹੈ। ਇਸ ਤੋਂ ਇਲਾਵਾ, ROV ਨੇ ਮੀਟਿੰਗਾਂ ਦਾ ਪ੍ਰਚਾਰ ਕਰਨ ਲਈ Nextdoor, Facebook, Twitter, ਅਤੇ Instagram ਦੀ ਵਰਤੋਂ ਕੀਤੀ। EAP ਦੇ ਵਿਕਾਸ ਨਾਲ ਸੰਬੰਧਿਤ ਸਾਰੀਆਂ ਮੀਟਿੰਗਾਂ ਦੇ ਨੋਟਿਸ ਅੰਤਕਾ H ਵਿੱਚ ਸ਼ਾਮਲ ਹਨ।

EAP ਮੀਟਿੰਗਾਂ ਵਿੱਚ, ਜਿਨ੍ਹਾਂ ਵਿਸ਼ਿਆਂ ‘ਤੇ ਚਰਚਾ ਹੋਈ, ਉਹ ਸਨ:

- ਸੰਭਾਵੀ ਵੋਟ ਕੇਂਦਰ ਟਿਕਾਣੇ
- ਸੰਭਾਵੀ ਬੈਲਟ ਡ੍ਰੌਪ-ਔਫ਼ ਟਿਕਾਣੇ
- ਵੱਖ-ਵੱਖ ਭਾਸ਼ਾ ਪਹੁੰਚਯੋਗਤਾ ਸੰਬੰਧੀ ਲੋੜਾਂ
- ਵੱਖ-ਵੱਖ ਵੋਟਰ ਪਹੁੰਚਯੋਗਤਾ ਸੰਬੰਧੀ ਲੋੜਾਂ
- ਮੀਡੀਆ ਅਤੇ ਸਮਾਰੋਹਾਂ ਰਾਹੀਂ ਭਾਈਚਾਰਿਆਂ ਤੱਕ ਪਹੁੰਚ ਕਰਨ ਸੰਬੰਧੀ ਸੁਝਾਅ

ਮੀਟਿੰਗ ਦੌਰਾਨ ਪ੍ਰਦਾਨ ਕੀਤੇ ਗਏ ਸਮਾਨ ਵਿੱਚ ਇੱਕ ਵੋਟ ਕੇਂਦਰ ਭਰਤੀ ਲੀਫ਼ਲੈੱਟ ਅਤੇ ਇੱਕ ਸਾਈਟ ਚੋਣ ਸਰਵੇਖਣ ਸ਼ਾਮਲ ਸੀ (ਅੰਤਕਾ I ਵਿੱਚ ਦਿਖਾਇਆ ਗਿਆ ਹੈ) ਜਿਸ ਦਾ ਉਦੇਸ਼ ਜਾਣਕਾਰੀ ਅਤੇ ਸੰਭਾਵੀ ਵੋਟ ਕੇਂਦਰਾਂ ਲਈ ਸੁਝਾਅ ਇਕੱਤਰ ਕਰਨ ਵਿੱਚ ਮਦਦ ਕਰਨਾ ਸੀ। ਮੀਟਿੰਗ ਦੌਰਾਨ ਇਕੱਤਰ ਕੀਤੇ ਸਾਰੇ ਵਿਚਾਰਾਂ ਅਤੇ ਸੁਝਾਵਾਂ ਨੂੰ ਮੀਟਿੰਗ ਦੇ ਕਾਰਜ ਵੇਰਵੇ ਵਿੱਚ ਦਰਜ ਕੀਤਾ ਗਿਆ (ਅੰਤਕਾ J)।

## ਚੋਣ ਪ੍ਰਸ਼ਾਸਨ ਯੋਜਨਾ (EAP) ਦੀ ਵਿਕਾਸ ਸਮਾਂਰੇਖਾ[21]

| | |
|---|---|
| EAP ਦਾ ਪ੍ਰਸਤਾਵਿਤ ਡ੍ਰਾਫ਼ਟ ਪ੍ਰਕਾਸ਼ਿਤ ਕਰਨਾ | 16 ਅਗਸਤ, 2019 |
| EAP ਦੇ ਡ੍ਰਾਫ਼ਟ ਦੇ ਸੰਬੰਧ ਵਿੱਚ 14-ਦਿਨਾਂ ਦੀ ਜਨਤਕ ਟਿੱਪਣੀ ਮਿਆਦ | 16 ਅਗਸਤ, 2019 ਤੋਂ 30 ਅਗਸਤ, 2019 |
| EAP ਦੇ ਡ੍ਰਾਫ਼ਟ ‘ਤੇ ਵਿਚਾਰ ਕਰਨ ਲਈ 10-ਦਿਨਾਂ ਦਾ ਜਨਤਕ ਸੁਣਵਾਈ ਨੋਟਿਸ ਜਾਰੀ ਕਰਨਾ | 20 ਅਗਸਤ, 2019 |
| EAP ਦੇ ਡ੍ਰਾਫ਼ਟ ਨੂੰ ਵਿਚਾਰਨ ਲਈ ਪਹਿਲੀ ਜਨਤਕ ਸੁਣਵਾਈ | 30 ਅਗਸਤ, 2019<br>ਸ਼ਾਮ 5:30-7:30 ਵਜੇ ਤੱਕ<br>70 W. Hedding Street<br>San Jose, CA 95110<br>ਸੁਪਰਵਾਈਜ਼ਰਾਂ ਦੇ ਬੋਰਡ ਦਾ ਚੈਂਬਰ |
| EAP ਦੇ ਡ੍ਰਾਫ਼ਟ ਨੂੰ ਵਿਚਾਰਨ ਲਈ ਦੂਜੀ ਜਨਤਕ ਸੁਣਵਾਈ | 4 ਸਤੰਬਰ, 2019<br>ਸ਼ਾਮ 6-8 ਵਜੇ ਤੱਕ<br>70 W. Hedding Street<br>San Jose, CA 95110<br>ਸੁਪਰਵਾਈਜ਼ਰਾਂ ਦੇ ਬੋਰਡ ਦਾ ਚੈਂਬਰ |

[21] ਸਮਾਂਰੇਖਾ ਇੱਕ ਅਨੁਮਾਨ ਹੈ ਅਤੇ ਇਸ ਵਿੱਚ ਬਦਲਾਵ ਹੋ ਸਕਦੇ ਹਨ।

| | |
|---|---|
| ਜਨਤਕ ਸੁਣਵਾਈ ਤੋਂ ਬਾਅਦ EAP ਦੇ ਡ੍ਰਾਫ਼ਟ ਨੂੰ ਸੋਧਣ ਦੀ ਮਿਆਦ | 30 ਅਗਸਤ, 2019 ਤੋਂ<br>18-ਸਤੰਬਰ-2019 |
| ਸਾਰੀਆਂ ਭਾਸ਼ਾਵਾਂ ਵਿੱਚ ਸੋਧਿਆ ਹੋਇਆ EAP ਪ੍ਰਕਾਸ਼ਿਤ ਕਰਨਾ | 11 ਅਕਤੂਬਰ, 2019 |
| ਸੋਧੇ ਹੋਏ EAP ਸੰਬੰਧੀ 14-ਦਿਨਾਂ ਦੀ ਜਨਤਕ ਟਿੱਪਣੀ ਮਿਆਦ | 11 ਅਕਤੂਬਰ, 2019 ਤੋਂ<br>25 ਅਕਤੂਬਰ, 2019 |
| EAP ਦੇ ਅੰਤਿਮ ਰੂਪ ਨੂੰ ਅਪਣਾਓ ਅਤੇ ਪ੍ਰਕਾਸ਼ਿਤ ਕਰੋ | 15 ਨਵੰਬਰ, 2019 |
| EAP ਦਾ ਸਿੱਖਿਆ ਅਤੇ ਪਹੁੰਚ ਵਾਲਾ ਭਾਗ ਰਾਜ ਦੇ ਸਕੱਤਰ ਨੂੰ ਮਨਜ਼ੂਰੀ ਲਈ ਭੇਜਿਆ ਗਿਆ | 15 ਨਵੰਬਰ, 2019 |

## ਜਨਤਕ ਨੋਟਿਸ

2 ਸਿੱਧੀਆਂ ਡਾਕਾਂ ਰਾਹੀਂ, ਜਨਤਾ ਨੂੰ ਇਹ ਸੂਚਨਾ ਦਿੱਤੀ ਜਾਵੇਗੀ ਕਿ ਸਾਰੇ ਵੋਟਰ ਇੱਕ ਡਾਕ ਰਾਹੀਂ ਵੋਟ ਬੈਲਟ ਪ੍ਰਾਪਤ ਕਰਨਗੇ। ਭੇਜੇ ਗਏ ਨੋਟਿਸ ਵੋਟਰਾਂ ਨੂੰ ਸੂਚਿਤ ਕਰਨਗੇ ਕਿ ਇੱਕ ਸਾਰੇ ਡਾਕ ਰਾਹੀਂ ਭੇਜੇ ਗਏ ਬੈਲਟ ਵਾਲੀ ਚੋਣ ਕਰਵਾਈ ਕੀਤੀ ਜਾਵੇਗੀ, ਅਤੇ ਵੋਟਰ ਆਪਣੇ ਬੈਲਟ ਦੇ ਤਿੰਨ ਤਰੀਕਿਆਂ ਵਿੱਚੋਂ ਕਿਸੇ ਇੱਕ ਨਾਲ ਕਾਸਟ ਕਰ ਸਕਦੇ ਹਨ: ਡਾਕ ਰਾਹੀਂ (ਡਾਕ-ਟਿਕਟ ਅਦਾ ਕੀਤੀ ਹੋਈ ਹੈ), ਕਿਸੇ ਵੀ ਬੈਲਟ ਡ੍ਰੌਪ-ਔਫ਼ ਟਿਕਾਣੇ 'ਤੇ, ਜਾਂ ਕਾਉਂਟੀ ਵਿੱਚ ਬਣੇ ਕਿਸੇ ਵੋਟ ਕੇਂਦਰ 'ਤੇ। ਨੋਟਿਸਾਂ ਵਿੱਚ ਇੱਕ ਲਿੰਕ ਵੀ ਸ਼ਾਮਲ ਹੋਵੇਗਾ, ਜਿੱਥੇ ਵੋਟਰ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੇ ਖੁੱਲ੍ਹਣ ਦੀਆਂ ਤਾਰੀਖ਼ਾਂ, ਟਿਕਾਣੇ, ਅਤੇ ਉਹਨਾਂ ਦੇ ਕੰਮਕਾਜੀ ਘੰਟਿਆਂ ਸੰਬੰਧੀ ਜਾਣਕਾਰੀ ਦੇਖ ਸਕਦੇ ਹਨ, ਅਤੇ ਨਾਲ ਹੀ ਇੱਕ ਪਹੁੰਚਯੋਗ ਫਾਰਮੈਟ ਜਾਂ ਅੰਗਰੇਜ਼ੀ ਤੋਂ ਇਲਾਵਾ, ਪੇਸ਼ ਕੀਤੀਆਂ ਜਾਂਦੀਆਂ ਅੱਠ ਭਾਸ਼ਾਵਾਂ ਵਿੱਚੋਂ ਕਿਸੇ ਇੱਕ ਵਿੱਚ ਡਾਕ ਰਾਹੀਂ ਵੋਟ ਬੈਲਟ ਮੰਗਵਾਉਣ ਦੀ ਬੇਨਤੀ ਕਰਨ ਦੀ ਆਖਰੀ ਤਾਰੀਖ਼ ਬਾਰੇ ਪਤਾ ਵੀ ਕਰ ਸਕਦੇ ਹਨ। ਸਿੱਧੀਆਂ ਡਾਕਾਂ ਅੰਦਰ ਪ੍ਰਦਾਨ ਕੀਤੀ ਵਧੀਕ ਜਾਣਕਾਰੀ ਵਿੱਚ ਸ਼ਾਮਲ ਹੈ: ਰਿਹਾਇਸ਼ੀ ਪੁਸ਼ਟੀਕਰਨ ਅਤੇ ਵੋਟਰ ਜਾਣਕਾਰੀ ਪੁਸ਼ਟੀਕਰਨ ਸੰਬੰਧੀ ਸਮੱਗਰੀ, ਕਾਰੋਬਾਰ ਸੰਬੰਧੀ ਜਵਾਬੀ ਮੇਲ, ਮਹੱਤਵਪੂਰਨ ਵੋਟ ਕੇਂਦਰ ਜਾਣਕਾਰੀ, ਕਾਉਂਟੀ ਅਤੇ ਰਾਜ ਵੋਟਰ ਜਾਣਕਾਰੀ ਗਾਈਡ ਸੰਬੰਧੀ ਵੇਰਵੇ, ਅਤੇ ਨਾਮ ਅਤੇ/ਜਾਂ ਪਾਰਟੀ ਸੰਬੰਧੀਕਰਨ ਨੂੰ ਅੱਪਡੇਟ ਕਰਨ ਸੰਬੰਧੀ ਹਿਦਾਇਤਾਂ। ਨੋਟਿਸਾਂ ਵਿੱਚ ਵੋਟਰਾਂ ਲਈ ROV ਦੀ ਵੈੱਬਸਾਈਟ ਦਾ ਇੱਕ ਲਿੰਕ, ਫ਼ੋਨ ਨੰਬਰ ਪ੍ਰਦਾਨ ਕੀਤਾ ਜਾਂਦਾ ਹੈ, ਅਤੇ ਉਹ ਸਹਾਇਤਾ ਲਈ ਬੇਨਤੀ ਕਰਨ ਵਾਸਤੇ ਟੋਲ-ਫ੍ਰੀ ਹੌਟਲਾਈਨ (866) 430-VOTE ‘ਤੇ ਕਾੱਲ ਕਰ ਸਕਦੇ ਹਨ।

ਸਿੱਧੀਆਂ ਡਾਕਾਂ ਦਾ ਪਹਿਲਾ ਸੈੱਟ ਚੋਣਾਂ ਤੋਂ ਲਗਭਗ 90 ਦਿਨ ਪਹਿਲਾਂ ਭੇਜ ਦਿੱਤਾ ਜਾਵੇਗਾ (E-90), ਜਿਸ ਤੋਂ ਬਾਅਦ ਅੱਗਲਾ ਸੈੱਟ ਚੋਣਾਂ ਤੋਂ ਲਗਭਗ 29 ਦਿਨ ਪਹਿਲਾਂ ਭੇਜਿਆ ਜਾਵੇਗਾ (E-29)।

ਚੋਣ ਕੋਡ ਦੁਆਰਾ ਲੋੜੀਂਦੀਆਂ ਇਹਨਾਂ ਦੋ ਸਿੱਧੀਆਂ ਡਾਕਾਂ ਤੋਂ ਇਲਾਵਾ, ROV ਵੱਲੋਂ ਉਹਨਾਂ ਵੋਟਰਾਂ ਲਈ ਇੱਕ ਤੀਜੀ ਡਾਕ ਤਿਆਰ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਦੇਰੀ ਨਾਲ ਰਜਿਸਟਰ ਕੀਤਾ ਅਤੇ ਜਿਨ੍ਹਾਂ ਨੂੰ ਕਾਉਂਟੀ ਵੋਟਰ ਜਾਣਕਾਰੀ ਗਾਈਡ ਨਹੀਂ ਮਿਲੀ। ਸਿੱਧੀਆਂ ਡਾਕਾਂ ਦਾ ਇਹ ਸੈੱਟ ਚੋਣਾਂ ਤੋਂ ਲਗਭਗ 10 ਤੋਂ 15 ਦਿਨ ਪਹਿਲਾਂ ਭੇਜ ਦਿੱਤਾ ਜਾਵੇਗਾ। VCA ਨਾਲ ਸੰਬੰਧਿਤ ਸਾਰੇ ਨੋਟਿਸ ਅਤੇ ਹਰੇਕ ਜਾਣਕਾਰੀ ROV ਦੀ ਵੈੱਬ ਸਾਈਟ ‘ਤੇ ਇੱਕ ਪਹੁੰਚਯੋਗ ਫਾਰਮੈਟ ਵਿੱਚ ਪੋਸਟ ਕਰ ਦਿੱਤੀ ਜਾਵੇਗੀ।

## ਭਾਸ਼ਾ ਪਹੁੰਚਯੋਗਤਾ ਅਤੇ ਵੋਟਿੰਗ ਪਹੁੰਚਯੋਗਤਾ ਸੰਬੰਧੀ ਸਲਾਹਕਾਰ ਕਮੇਟੀਆਂ

Santa Clara ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ (ROV) ਨੇ ਦੋ ਸਲਾਹਕਾਰ ਕਮੇਟੀਆਂ ਦੀ ਸਥਾਪਨਾ ਅੰਦਰੂਨੀ ਪ੍ਰਕਿਰਿਆ ਵਿਕਾਸ, ਹਿੱਸੇਦਾਰਾਂ ਅਤੇ ਜਨਤਕ ਇਨਪੁੱਟ ਅਤੇ ਪਹਿਲਾਂ ਤੋਂ ਵੋਟਰ ਪਸੰਦ ਅਧਿਨਿਯਮ (VCA) ਨੂੰ ਅਪਣਾ ਚੁੱਕੀਆਂ ਕਾਉਂਟੀਆਂ ਦੀ ਫੀਡਬੈਕ ਦੁਆਰਾ ਇੱਕ ਤਾਲਮੇਲ ਵਾਲੀ ਪ੍ਰਕਿਰਿਆ ਰਾਹੀਂ ਕੀਤੀ। ਪਹਿਲੀ ਕਮੇਟੀ ਹੈ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਜੋ ਅਲਪਸੰਖਿਅਕ ਭਾਸ਼ਾ ਵਾਲੇ ਭਾਈਚਾਰਿਆਂ ਨੂੰ ਉਹਨਾਂ ਤਰੀਕਿਆਂ ਬਾਰੇ ਆਪਣੇ ਵਿਚਾਰ ਦੇਣ ਲਈ ਕਹੇਗੀ, ਜਿਸ ਨਾਲ ਵੋਟ ਕੇਂਦਰ ਮਾਡਲ ਉਹਨਾਂ ਵੋਟਰਾਂ ਦਾ ਬਿਹਤਰ ਤਰੀਕੇ ਨਾਲ ਸਮਰਥਨ ਕਰ ਸਕੇ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ। ਦੂਜੀ ਕਮੇਟੀ ਹੈ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਜੋ ਉਹਨਾਂ ਵੋਟਰਾਂ ਤੋਂ ਵਿਚਾਰ ਮੰਗੇਗੀ ਜਿਨ੍ਹਾਂ ਨੂੰ ਪਹੁੰਚਯੋਗਤਾ ਸੰਬੰਧੀ ਸਮੱਸਿਆਵਾਂ ਹਨ, ਜਿਵੇਂ ਕਿ ਬਜ਼ੁਰਗ ਜਾਂ ਅਸਮਰਥਤਾਵਾਂ ਵਾਲੇ ਵੋਟਰ, ਤਾਂ ਕਿ ਉਹਨਾਂ ਦੀਆਂ ਵੋਟਿੰਗ ਸੰਬੰਧੀ ਲੋੜਾਂ ਅਤੇ ਸਮੱਸਿਆਵਾਂ ਨੂੰ ਹੱਲ ਕਰਨਾ ਸੁਨਿਸ਼ਚਿਤ ਕੀਤਾ ਜਾ ਸਕੇ।

ਇਹਨਾਂ ਕਮੇਟੀਆਂ ਦੀ ਸਦੱਸਤਾ ਨੈੱਟਵਰਕਿੰਗ ਰਾਹੀਂ ਅਤੇ ਵੱਖ-ਵੱਖ ਇਕਰਾਰਨਾਮਿਆਂ ਦੇ ਸਹਿਯੋਗ ਰਾਹੀਂ ਵਧਾਈ ਜਾਵੇਗੀ, ਜਿਵੇਂ ਕਿ ਗੈਰ-ਮੁਨਾਫ਼ਾ ਸੰਸਥਾਵਾਂ ਅਤੇ ਸਮੁਦਾਇ ਆਧਾਰਿਤ ਸੰਸਥਾਵਾਂ ਤੋਂ ਲੈ ਕੇ Santa Clara ਕਾਉਂਟੀ ਵਿਚਲੀਆਂ ਨਗਰਪਾਲਿਕਾਵਾਂ ਤੱਕ। LAAC ਅਤੇ VAAC ਦੀ ਪਹਿਲੀ ਮੀਟਿੰਗ ਦੀ ਵਰਤੋਂ ਕਮੇਟੀਆਂ ਦੀ ਸਥਾਪਨਾ ਕਰਨ ਅਤੇ ਹਰੇਕ ਕਮੇਟੀ ਲਈ ਟੀਚਿਆਂ ਨੂੰ ਨਿਰਧਾਰਿਤ ਕਰਨ ਵਾਸਤੇ ਕੀਤੀ ਗਈ ਸੀ। ਹਰੇਕ ਕਮੇਟੀ ਦੀਆਂ ਪਹਿਲੀਆਂ ਕੁਝ ਮੀਟਿੰਗਾਂ ਦੀ ਤਾਰੀਖ਼, ਸਮਾਂ ਅਤੇ ਟਿਕਾਣੇ ਹੇਠਾਂ ਦਿੱਤੇ ਗਏ ਹਨ:

| ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) | | |
|---|---|---|
| **ਤਾਰੀਖ਼** | **ਟਿਕਾਣਾ** | **ਸਮਾਂ** |
| 5 ਜੂਨ, 2019 | Sobrato Center for Nonprofits<br>1400 Parkmoor Ave., San Jose, CA 95126 | ਦੁਪਹਿਰ ਬਾਅਦ 3:00 – 5:00 ਵਜੇ ਤੱਕ |
| 19 ਜੂਨ, 2019 | Sobrato Center for Nonprofits<br>1400 Parkmoor Ave., San Jose, CA 95126 | ਦੁਪਹਿਰ ਬਾਅਦ 3:00 – 5:00 ਵਜੇ ਤੱਕ |
| 17 ਜੁਲਾਈ, 2019 | Sobrato Center for Nonprofits<br>1400 Parkmoor Ave., San Jose, CA 95126 | ਦੁਪਹਿਰ ਬਾਅਦ 2:00 – 4:00 ਵਜੇ ਤੱਕ |

| ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) | | |
|---|---|---|
| **ਤਾਰੀਖ਼** | **ਟਿਕਾਣਾ** | **ਸਮਾਂ** |
| 7 ਜੂਨ, 2019 | ROV ਆਡੀਟੋਰੀਅਮ<br>1555 Berger Dr. Bldg. 2, San Jose, CA 95112 | ਦੁਪਹਿਰ ਬਾਅਦ 3:00 – 5:00 ਵਜੇ ਤੱਕ |
| 18 ਜੂਨ, 2019 | ROV ਆਡੀਟੋਰੀਅਮ<br>1555 Berger Dr. Bldg. 2, San Jose, CA 95112 | ਦੁਪਹਿਰ ਬਾਅਦ 3:00 – 5:00 ਵਜੇ ਤੱਕ |
| 16 ਜੁਲਾਈ, 2019 | Silicon Valley Independent Living Center<br>ਬੋਰਡ ਰੂਮ<br>25 N. 14th St., Suite 1000, San Jose, CA 95112 | ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ |

LAAC ਅਤੇ VAAC ਦੀ ਸਾਰੀਆਂ ਮੀਟਿੰਗਾਂ ਦੀ ਸੂਚੀ ROV ਦੀ ਵੈੱਬਸਾਈਟ, www.sccvote.org/voterschoice ‘ਤੇ ਪੋਸਟ ਕੀਤੀ ਅਤੇ ਰੱਖੀ ਜਾਵੇਗੀ। LAAC ਦੇ ਮੀਟਿੰਗ ਦੇ ਏਜੰਡੇ ਅਤੇ ਕਾਰਜ-ਵੇਰਵੇ ਅੰਤਕਾ K ਵਿੱਚ ਅਤੇ VAAC ਦੇ ਮੀਟਿੰਗ ਦੇ ਏਜੰਡੇ ਅਤੇ ਕਾਰਜ-ਵੇਰਵੇ ਅੰਤਕਾ L ਵਿੱਚ ਦੇਖੇ ਜਾ ਸਕਦੇ ਹਨ।

# ਭਾਗ 2 – ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ

ਵੋਟਰ ਪਸੰਦ ਅਧਿਨਿਯਮ (VCA) ਵੱਲੋਂ VCA ਲਾਗੂ ਕਰ ਰਹੀ ਹਰੇਕ ਕਾਉਂਟੀ ਲਈ ਇੱਕ ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ ਨੂੰ ਲਾਗੂ ਕਰਨਾ ਲਾਜ਼ਮੀ ਕੀਤਾ ਜਾਂਦਾ ਹੈ, ਜਿਸ ਰਾਹੀਂ ਵੋਟਰਾਂ ਨੂੰ VCA ਦੀਆਂ ਵਿਵਸਥਾਵਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ। ਹੋਰ ਵਿਸ਼ੇਸ਼ ਤੌਰ 'ਤੇ, ਇਹ ਕਨੂੰਨ ਉਹਨਾਂ ਵੋਟਰਾਂ ਨੂੰ ਸੇਧਿਤ ਕਰਕੇ ਪਹੁੰਚ ਕਰਨਾ ਲਾਜ਼ਮੀ ਬਣਾਉਂਦਾ ਹੈ ਜੋ ਮੁੱਖ ਤੌਰ 'ਤੇ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ, ਅਤੇ ਨਾਲ ਹੀ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਵੀ ਸੇਧਿਤ ਕੀਤਾ ਜਾਂਦਾ ਹੈ, ਤਾਂ ਕਿ ਭਾਈਚਾਰਿਆਂ ਨੂੰ ਉਪਲਬਧ ਸੇਵਾਵਾਂ ਬਾਰੇ ਸਿੱਖਿਅਤ ਕੀਤਾ ਜਾ ਸਕੇ।

Santa Clara ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ (ROV) ਕੋਲ ਪਹਿਲਾਂ ਤੋਂ ਇੱਕ ਪਹੁੰਚ ਟੀਮ ਅਤੇ ਪ੍ਰੋਗਰਾਮ ਮੌਜੂਦ ਹੈ, ਅਤੇ ਉਹਨਾਂ ਵੱਲੋਂ ਭਾਈਚਾਰੇ ਵਿੱਚ ਆਪਣੀ ਹੋਂਦ ਕਾਇਮ ਰੱਖਣ ਲਈ ਅਤੇ ਨਾਲ ਹੀ ਵੋਟਰ ਰਜਿਸਟਰ ਸੇਵਾਵਾਂ ਅਤੇ ਸਧਾਰਨ ਵੋਟਰ ਸਿੱਖਿਆ ਪ੍ਰਦਾਨ ਕਰਨ ਲਈ ਅਕਸਰ ਪੂਰੇ ਸਾਲ ਦੌਰਾਨ ਬਹੁਤ ਸਾਰੇ ਸਮਾਰੋਹਾਂ ਵਿੱਚ ਹਾਜ਼ਰੀ ਭਰੀ ਜਾਂਦੀ ਹੈ। EAP ਦਾ ਵੋਟਰ ਸਿੱਖਿਆ ਅਤੇ ਪਹੁੰਚ ਸੈਕਸ਼ਨ ਇਸ ਗੱਲ ਦੀ ਰੂਪ ਰੇਖਾ ਪ੍ਰਦਾਨ ਕਰਦਾ ਹੈ ਕਿ ROV ਵੱਲੋਂ ਆਪਣੇ ਮੌਜੂਦਾ ਪਹੁੰਚ ਵਿਧੀਆਂ ਤੋਂ ਕਿਵੇਂ ਫਾਇਦਾ ਲਿਆ ਜਾ ਸਕਦਾ ਹੈ ਅਤੇ ਇਹਨਾਂ ਦਾ ਨਵੇਂ ਤਰੀਕਿਆਂ ਨਾਲ ਕਿਵੇਂ ਸੁਮੇਲ ਕੀਤਾ ਜਾ ਸਕਦਾ ਹੈ ਤਾਂ ਕਿ ਜਨਤਾ ਨੂੰ VCA ਬਾਰੇ ਸਿੱਖਿਅਤ ਕਰਨ ਲਈ ਭਾਈਚਾਰਿਆਂ ਤੱਕ ਪਹੁੰਚ ਕੀਤੀ ਜਾ ਸਕੇ। ਪਹੁੰਚ ਸੰਬੰਧੀ ਗਤੀਵਿਧਿਆਂ ਨੂੰ ਸਮੁਦਾਇ ਭਾਈਵਾਲੀਆਂ ਨੂੰ ਸਮੁਦਾਇ, ਜਨਤਕ ਸ਼ਮੂਲੀਅਤ ਦੇ ਮੌਕਿਆਂ ਦਾ ਵਿਸਤਾਰ ਕਰਨ, ਅਤੇ ਵੋਟ ਕੇਂਦਰ ਮਾਡਲ ਨਾਲ ਵੋਟਰ ਅਨੁਭਵ ਵਿੱਚ ਸੁਧਾਰ ਕਰਨ ਦੇ ਟੀਚੇ ਨਾਲ ਤਿਆਰ ਕੀਤਾ ਜਾਵੇਗਾ।

## ਸੈਕਸ਼ਨ 1: ਵੋਟਰ ਸੰਪਰਕ – ਸਧਾਰਨ

ROV ਵੱਲੋਂ ਅਤੀਤ ਵਿੱਚ ਕਰਵਾਏ ਗਏ ਜਾਂ ਸ਼ਮੂਲੀਅਤ ਕੀਤੇ ਗਏ ਪਹੁੰਚ ਸੰਬੰਧੀ ਸਮਾਰੋਹਾਂ ਤੋਂ ਇਲਾਵਾ, ਹੋਰ ਵੀ ਵੋਟਰ ਸਿੱਖਿਆ ਅਤੇ ਪਹੁੰਚ ਪ੍ਰੋਗਰਾਮ ਚਲਾਉਣ ਦੀ ਯੋਜਨਾ ਬਣਾਈ ਗਈ ਹੈ ਤਾਂ ਕਿ ਜਿੰਨਾ ਜ਼ਿਆਦਾ ਹੋ ਸਕੇ ਕਾਉਂਟੀ ਦੇ ਜਨਅੰਕਣਾਂ ਨੂੰ ਕਵਰ ਕੀਤਾ ਜਾ ਸਕੇ। ਉਹਨਾਂ ਭਾਈਚਾਰਿਆਂ ਤੱਕ ਵੀ ਪਹੁੰਚ ਕਰਨ ਦੀ ਯੋਜਨਾ ਹੈ ਜਿਨ੍ਹਾਂ ਤੱਕ ਅਤੀਤ ਵਿੱਚ ਪਹੁੰਚ ਬਹੁਤ ਘੱਟ ਸੀ।

ROV ਵੱਲੋਂ ਜਿਨ੍ਹਾਂ ਭਾਈਚਾਰਿਆਂ ਤੱਕ ਪਹੁੰਚ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਉਹਨਾਂ ਵਿੱਚ ਸ਼ਾਮਲ ਹਨ ਬਜ਼ੁਰਗ ਭਾਈਚਾਰੇ, ਜਾਤੀ/ਭਾਸ਼ਾ ਸੰਬੰਧੀ ਭਾਈਚਾਰੇ, ਨੌਜਵਾਨ ਭਾਈਚਾਰੇ, ਵਿਦਿਆਰਥੀ ਭਾਈਚਾਰੇ, ਗੈਰ-ਹੱਕਦਾਰ ਭਾਈਚਾਰੇ, ਅਤੇ ਇਲਾਕੇ ਦੇ ਸਮੂਹ। ROV ਵੱਲੋਂ 100 ਤੋਂ ਵੱਧ ਸਮੁਦਾਇ-ਆਧਾਰਿਤ ਸੰਸਥਾਵਾਂ (CBOs) ਨੂੰ ਵੀ ਸ਼ਾਮਲ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ, ਤਾਂ ਕਿ ਉਹਨਾਂ ਦੁਆਰਾ ਆਪਣੇ ਭਾਈਚਾਰਿਆਂ ਵਾਸਤੇ ਕੀਤੇ ਜਾਣ ਵਾਲੇ ਕੰਮਾਂ ਬਾਰੇ ਜਾਣਿਆ ਜਾ ਸਕੇ ਅਤੇ ਇਹ ਪਤਾ ਲਗਾਇਆ ਜਾ ਸਕੇ ਕਿ ਉਹਨਾਂ ਵਿੱਚ ROV ਦੀ ਪਹੁੰਚ ਟੀਮ ਕਿਵੇਂ ਭਾਗ ਲੈ ਸਕਦੀ ਹੈ। ਇਸ ਸਭ ਦਾ ਮਕਸਦ ਇਹ ਹੈ ਕਿ ਵੋਟਰ ਸਿੱਖਿਆ ਪ੍ਰੋਗਰਾਮ ਦੀ ਸਫਲਤਾ ਨੂੰ ਸੁਨਿਸ਼ਚਿਤ ਕਰਨ ਲਈ CBOs ਅਤੇ ਸਾਰੇ ਭਾਈਚਾਰਿਆਂ ਨਾਲ ਮਿਲ ਕੇ ਕੰਮ ਕੀਤਾ ਜਾ ਸਕੇ।

### ਮੀਡੀਆ ਦੀ ਵਰਤੋਂ

ROV ਵੱਲੋਂ 2019 ਦੀਆਂ ਗਰਮੀਆਂ ਦੇ ਅੰਤ ਵਿੱਚ ਜਾਂ ਪਤਝੜ ਰੁੱਤ ਦੀ ਸ਼ੁਰੂਆਤ ਵਿੱਚ ਇੱਕ ਮੀਡੀਆ ਮੁਹਿੰਮ ਚਲਾ ਕੇ ਵੋਟ ਕੇਂਦਰ ਮਾਡਲ, ਡਾਕ ਰਾਹੀਂ ਵੋਟ ਪ੍ਰਕਿਰਿਆ, ਜਲਦੀ ਵੋਟ ਪਾਉਣ ਦੇ ਵਿਕਲਪ, ਅਤੇ ਵੋਟ ਕੇਂਦਰ ਵਿੱਚ ਕੰਮ ਕਰਨ ਦੇ ਮੌਕਿਆਂ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਚੋਣ ਮਾਡਲ ਵਿੱਚ ਹੋਣ ਵਾਲੀਆਂ ਆਗਾਮੀ ਤਬਦੀਲੀਆਂ ਬਾਰੇ ਜਨਤਾ ਨੂੰ ਸਿੱਖਿਅਤ ਕਰਨ ਦੀ ਕੋਸ਼ਿਸ਼ਾਂ ਵਿੱਚ ਇਹ ਮੁਹਿੰਮ ਇੱਕ ਮਹੱਤਵਪੂਰਨ ਨਿਵੇਸ਼ ਦੇ ਰੂਪ ਵਿੱਚ ਸਾਹਮਣੇ ਆਵੇਗੀ ਅਤੇ ROV ਦੇ ਅੱਜ ਤੱਕ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਡੀ ਵਿਗਿਆਪਨ ਮੁਹਿੰਮ ਹੈ। ਮੀਡੀਆ ਅਦਾਰਿਆਂ ਵਿੱਚ, ਹੇਠਾਂ ਦਿੱਤੇ ਨਾਮ ਸ਼ਾਮਲ ਹਨ, ਪਰ ਇਨ੍ਹਾਂ ਤੱਕ ਸੀਮਤ ਨਹੀਂ ਹਨ:

1. ਸਥਾਨਕ ਟੈਲੀਵਿਜ਼ਨ ਅਤੇ ਭਾਈਚਾਰਕ ਕੇਬਲ ਸਟੇਸ਼ਨ
    a. Comcast
    b. Univision
    c. Telemundo
    d. Namaste TV
    e. Crossing TV
2. ਅਖਬਾਰ (ਖੇਤਰੀ ਅਤੇ ਸਮੁਦਾਇ ਵਿਸ਼ੇਸ਼)
    a. The Mercury News
    b. Metro
    c. Morgan Hill Times
    d. Gilroy Dispatch
    e. El Observador
    f. Epoch Times
    g. India West
    h. Korea Times
    i. Nichi Bei Weekly
    j. Philippine News
    k. San Jose State Spartan Daily
    l. Santa Clara University Newspaper
    m. Stanford Daily
    n. Viet Nam Daily
    o. World Journal
    p. N & R
    q. China Press
    r. JWeekly
    s. Spotlight
    t. Bayspo Magazine
    u. Daily Post
    v. India Current
3. ਰੇਡੀਓ
    a. KBAY/KEZR
    b. KFOX
    c. KRTY/KLIV
    d. Sound of Hope
    e. Sing Tao
    f. Univision
    g. Vien Thao
    h. Celina Rodriguez
    i. China Press
    j. Radio Zindagi
4. ROV ਅਤੇ ਕਾਉਂਟੀ ਲਈ ਸੋਸ਼ਲ ਮੀਡੀਆ ਅਤੇ ਵੈੱਬਸਾਈਟਾਂ ਦੀ ਵਰਤੋਂ
    a. ROV ਦਾ Facebook ਪੰਨਾ:https://www.facebook.com/sccvote
    b. ਕਾਉਂਟੀ ਦਾ Facebook ਪੰਨਾ: https://www.facebook.com/county.of.santa.clara
    c. ROV Twitter: https://twitter.com/sccvote
    d. ਕਾਉਂਟੀ Twitter: https://twitter.com/SCCgov
    e. ROV Instagram: www.instagram.com/sccvote

    f. Nextdoor ਐਪ: (ਸੰਚਾਰ ਅਤੇ ਮੀਡੀਆ Santa Clara ਕਾਉਂਟੀ ਖੋਜੋ)
    g. ਕਾਉਂਟੀ ਦੀ ਅਖਬਾਰਾਂ ਦੀ ਗਾਹਕੀ ਦੀਆਂ ਸੂਚੀਆਂ
5. ROV YouTube: https://www.youtube.com/sccvote
6. ਵੈਲੀ ਆਜਾਵਾਈ ਅਥਾਰਟੀ (Valley Transportation Authority) ਦੀਆਂ ਬਸਾਂ 'ਤੇ ਜਨਤਕ ਆਵਾਜਾਈ ਸੁਨੇਹਾ ਸੇਵਾ
7. Santa Clara ਕਾਉਂਟੀ ਵਿਖੇ ਸਥਿਤ ਮੇਜਰ ਲੀਗ ਖੇਡ ਫ਼ਰੈਨਚਾਇਜ਼ੀਆਂ ਰਾਹੀਂ ਵਿਗਿਆਪਨ
8. ਮੋਟਰ ਵਾਹਨ ਵਿਭਾਗ (DMV) ਦੇ ਬ੍ਰਾਂਚ ਦਫ਼ਤਰਾਂ ਵਿੱਚ ਟੈਲੀਵਿਜ਼ਨ ਮਾਨੀਟਰ ਵਿਗਿਆਪਨ
9. ਪੂਰੀ ਕਾਉਂਟੀ ਵਿਚਲੇ ਸਮੂਹਾਂ, ਜਿਵੇਂ ਕਿ ਭਾਈਚਾਰਕ ਭਾਈਵਾਲ, ਅਸਮਰੱਥ ਵਿਅਕਤੀਆਂ ਦਾ ਸਮਰਥਨ ਕਰਨ ਵਾਲੀਆਂ ਸੰਸਥਾਵਾਂ, ਚੁਣੇ ਹੋਏ ਅਧਿਕਾਰੀ, ਖਾਸ ਡਿਸਟ੍ਰਿਕਟ, ਸਕੂਲ ਡਿਸਟ੍ਰਿਕਟ, ਸਮੁਦਾਇ-ਆਧਾਰਿਤ ਸੰਸਥਾਵਾਂ, ਅਤੇ ਮੱਤ-ਆਧਾਰਿਤ ਸੰਸਥਾਵਾਂ, ਨਾਲ ਸਮਾਨ ਸਾਂਝਾ ਕਰਨਾ
10. ਜਨਤਕ ਸੇਵਾ ਘੋਸ਼ਣਾਵਾਂ (PSAs) ਦੀ ਵਰਤੋਂ ਉਪਲਬਧ ਮਾਧਿਅਮਾਂ 'ਤੇ ਵਿਗਿਆਪਨ ਮੁਹਿੰਮ ਨੂੰ ਸੰਪੂਰਨ ਕਰਨ ਅਤੇ ਉਸਨੂੰ ਅੱਗੇ ਵਧਾਉਣ ਲਈ ਕੀਤੀ ਜਾਵੇਗੀ। ਇਹ PSAs ਜਿਹੜੇ ਵਿਸ਼ੇ ਕਵਰ ਕਰਨਗੇ, ਉਹਨਾਂ ਵਿੱਚ ਸ਼ਾਮਲ ਹਨ VCA ਬਾਰੇ ਆਮ ਜਾਣਕਾਰੀ, VCA ਬਾਰੇ ਭਾਸ਼ਾ-ਵਿਸ਼ੇਸ਼ ਜਾਣਕਾਰੀ ਅਤੇ ਭਾਸ਼ਾ ਸੰਬੰਧੀ ਸਹਾਇਤਾ ਹੌਟਲਾਈਨ ਦਾ ਟੋਲ ਫ਼੍ਰੀ ਨੰਬਰ ਅਤੇ ਵੋਟ ਕੇਂਦਰਾਂ 'ਤੇ ਪਹੁੰਚਯੋਗਤਾ ਵਿਕਲਪ ਅਤੇ ਡਾਕ-ਰਾਹੀਂ ਵੋਟ ਰਾਹੀਂ ਰਿਮੋਟ ਪਹੁੰਚਯੋਗਤਾ।

ROV ਵੱਲੋਂ ਆਡੀਓ ਅਤੇ ਦ੍ਰਿਸ਼ਟੀਗਤ ਮੀਡੀਆ ਦੀ ਵਰਤੋਂ ਵੀ ਕੀਤੀ ਜਾਵੇਗੀ ਜੋ ਕਿ ਪਹੁੰਚਯੋਗ ਫਾਰਮੈਟਾਂ ਵਿੱਚ ਵਿਸਤ੍ਰਿਤ ਤੌਰ 'ਤੇ ਪ੍ਰਸਾਰਿਤ ਕੀਤਾ ਜਾਵੇਗਾ ਅਤੇ ਵੋਟਰਾਂ ਨੂੰ ਆਗਾਮੀ ਚੋਣਾਂ ਬਾਰੇ ਸੂਚਿਤ ਕਰੇਗਾ। ਇਹ ਸਭ ਕੁਝ ਕਰਨ ਦਾ ਉਦੇਸ਼ ਹੈ ਕਾਉਂਟੀ ਦੇ ਸਾਰੇ ਵੋਟਰਾਂ ਤੱਕ ਪਹੁੰਚਣਾ, ਜਿਸ ਵਿੱਚ ਅਸਮਰਥਤਾਵਾਂ ਵਾਲੇ ਵੋਟਰ ਵੀ ਸ਼ਾਮਲ ਹਨ, ਜਿਵੇਂ ਕਿ ਉਹ ਜੋ ਬੋਲ਼ੇ ਹਨ ਜਾਂ ਜੋ ਉੱਚਾ ਸੁਣਦੇ ਹਨ, ਅਤੇ ਉਹ ਵੋਟਰ ਜੋ ਨੇਤਰਹੀਣ ਹਨ ਜਾਂ ਜੋ ਦੇਖ ਨਹੀਂ ਸਕਦੇ।

## ਭਾਈਚਾਰੇ ਵਿੱਚ ਮੌਜੂਦਗੀ ਸੰਬੰਧੀ ਯੋਜਨਾ ਅਤੇ ਵੋਟਰ ਸਿੱਖਿਆ ਸਮੱਗਰੀ

ROV ਵੱਲੋਂ ਪੂਰੇ ਸਾਲ ਵਿੱਚ ਹਜ਼ਾਰਾਂ ਹੀ ਭਾਈਚਾਰਕ ਸਮਾਰੋਹਾਂ ਵਿੱਚ ਨਿਰੰਤਰ ਤੌਰ 'ਤੇ ਸ਼ਮੂਲੀਅਤ ਕੀਤੀ ਜਾਂਦੀ ਹੈ। ਵੋਟਰਾਂ ਨੂੰ ਚੋਣਾਂ ਦੇ ਸੰਚਾਲਨ ਵਿੱਚ ਆਈਆਂ ਤਬਦੀਲੀਆਂ ਬਾਰੇ ਸੂਚਿਤ ਕਰਨ ਲਈ, ਕਈ ਸਾਰੇ ਪਹੁੰਚ ਸੰਬੰਧੀ ਸਮਾਰੋਹਾਂ ਵਿੱਚ VCA ਜਾਣਕਾਰੀ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ। ROV ਵੱਲੋਂ CBO ਨਾਲ ਵੀ ਸਰਗਰਮ ਤਰੀਕੇ ਨਾਲ ਕੰਮ ਕੀਤਾ ਜਾ ਰਿਹਾ ਹੈ ਤਾਂ ਕਿ ਨਵੇਂ ਵੋਟਿੰਗ ਮਾਡਲ ਬਾਰੇ ਉਹਨਾਂ ਦੇ ਭਾਈਚਾਰਿਆਂ ਨੂੰ ਸੂਚਿਤ ਕਰਨ ਲਈ ਬਿਹਤਰੀਨ ਤਰੀਕਾ ਅਪਣਾਇਆ ਜਾ ਸਕੇ। ਵੋਟਰ ਸਿੱਖਿਆ ਦੀ ਸਹੂਲਤ ਪ੍ਰਦਾਨ ਕਰਨ ਲਈ ਸਿਖਲਾਈ ਸਮੱਗਰੀ ਅਤੇ ਸਟਾਫ਼ ਵੀ ਉਪਲਬਧ ਕਰਵਾਇਆ ਜਾ ਰਿਹਾ ਹੈ।

ਉਹਨਾਂ ਸੰਸਥਾਵਾਂ ਨੂੰ ਪਹਿਲਾਂ ਹੀ ਇਸ ਬਾਰੇ ਪੇਸ਼ਕਾਰੀ ਦਿੱਤੀ ਜਾ ਚੁੱਕੀ ਹੈ, ਜੋ ਆਗਾਮੀ ਵੋਟ ਕੇਂਦਰ ਮਾਡਲ ਬਾਰੇ ਜਾਣਦੀਆਂ ਸਨ ਅਤੇ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੀਆਂ ਸਨ, ਇਹਨਾਂ ਵਿੱਚੋਂ ਕੁਝ ਸੰਸਥਾਵਾਂ ਹਨ:

- ਲੀਗ ਔਫ਼ ਵੂਮੈਨ ਵੋਟਰਜ਼ Cupertino-Sunnyvale
- ਲੀਗ ਔਫ਼ ਵੂਮੈਨ ਵੋਟਰਜ਼ Mountain View-Los Altos
- ਡੈਮੋਕ੍ਰੈਟਿਕ 21ਵਾਂ ਸੈਂਚੁਰੀ ਕਲੱਬ
- ਮਹਿਲਾਵਾਂ ਸੰਬੰਧੀ ਨੀਤੀਆਂ ਦਾ ਦਫ਼ਤਰ

- ਦੱਖਣੀ ਕਾਉਂਟੀ ਡੈਮੋਕ੍ਰੈਟਿਕ ਕਲੱਬ
- Almaden Valley ਕਮਿਊਨਿਟੀ ਐਸੋਸਿਏਸ਼ਨ ਸਭਾ
- Santa Clara ਕਾਉਂਟੀ ਦਾ ਸਿੱਖਿਆ ਦਫ਼ਤਰ
- API ਜਸਟਿਸ ਸੰਘ
- ਮਹਿਲਾਵਾਂ ਦੀ ਬਰਾਬਰੀ ਸੰਬੰਧੀ 2020 ਦਾ ਲੀਡਰਸ਼ਿਪ ਕੌਂਸਲ
- Silicon Valley ਕਮਿਊਨਿਟੀ ਫ਼ਾਉਂਡੇਸ਼ਨ (SVCF) and Silicon Valley ਦੀਆਂ ਗੈਰ-ਮੁਨਾਫ਼ਾ ਸੰਸਥਾਵਾਂ ਦੇ ਕੌਂਸਲ (SVCN) ਵੱਲੋਂ ਸਮੁਦਾਇਕ ਸ਼ਮੂਲੀਅਤ ਸੰਬੰਧੀ ਦੁਪਹਿਰ ਦਾ ਖਾਣਾ
- Orchard ਸਿਟੀ ਇਨਡਿਵੀਜ਼ੀਬਲ
- ਗੈਰ-ਰਵਾਇਤੀ ਵਿਸ਼ਿਆਂ ਵਿੱਚ ਪ੍ਰਾਪਤੀ ਕਰਨ ਵਾਲੀਆਂ ਕੁੜੀਆਂ
- CalWORK ਦਾ ਰੁਜ਼ਗਾਰ ਸੇਵਾ ਦਫ਼ਤਰ

VCA ਨੇ ਇੱਕ ਸ਼ੁਰੂਆਤੀ ਮੀਟਿੰਗ ਰੱਖੀ ਸੀ ਅਤੇ ਇਸ ਵਿੱਚ ਤੀਹ ਤੋਂ ਵੀ ਵੱਧ CBO ਸੰਸਥਾਵਾਂ ਨੇ ਭਾਗ ਲਿਆ, ਜੋ ਕਿ ROV ਦੀ ਵੱਖ-ਵੱਖ ਤਰੀਕੇ ਨਾਲ ਸਹਾਇਤਾ ਕਰਨ ਵਿੱਚ ਸੰਭਾਵੀ ਤੌਰ 'ਤੇ ਰੁਚੀ ਰੱਖਦੇ ਸਨ। ROV ਦਾ ਉਦੇਸ਼ ਉਹਨਾਂ ਸਾਰੀਆਂ CBO ਸੰਸਥਾਵਾਂ ਨੂੰ ਸਿਖਲਾਈ ਦੇਣ ਦਾ ਹੈ, ਜੋ ਵੋਟ ਕੇਂਦਰ ਮਾਡਲ ਬਾਰੇ ਕਾਉਂਟੀ ਨੂੰ ਸਿੱਖਿਆ ਦੇਣ ਵਿੱਚ ROV ਦੀ ਮਦਦ ਕਰਨਾ ਚਾਹੁੰਦੇ ਹਨ।

ਸਮੁਦਾਇਕ ਸ਼ਮੂਲੀਅਤ ਦੇ ਹੋਰ ਤਰੀਕੇ ਇਸ ਲਿਖਤ ਪੂਰੀ ਹੋਣ ਵੇਲੇ ਹਾਲੇ ਯੋਜਨਾਬੰਦੀ ਦੀ ਪ੍ਰਕਿਰਿਆ ਅਧੀਨ ਹਨ। ਇਸ ਦੌਰਾਨ, ROV ਵੱਲੋਂ ਜਨਤਕ ਸਮੱਗਰੀ ਨੂੰ ਨਿਰੰਤਰ ਤੌਰ 'ਤੇ ਬਣਾਇਆ ਜਾ ਰਿਹਾ ਹੈ, ਜਿਵੇਂ ਕਿ ਵੋਟ ਕੇਂਦਰ ਦੀ ਭਰਤੀ ਸੰਬੰਧੀ ਲੀਫ਼ਲੈੱਟ ਅਤੇ VCA ਪੇਸ਼ਕਾਰੀਆਂ, ਜਿਨ੍ਹਾਂ ਨੂੰ ਉਹਨਾਂ ਸਾਰੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਵੰਡਿਆ ਜਾਵੇਗਾ, ਜੋ ਆਪਣੇ ਭਾਈਚਾਰੇ ਨੂੰ ਸਿੱਖਿਅਤ ਕਰਨਾ ਚਾਹੁੰਦੇ ਹਨ। ਸਮੁਦਾਇਕ ਪਹੁੰਚ ਯੋਜਨਾ ਬਾਰੇ ਹੋਰ ਵੇਰਵੇ ਅੰਤਕਾ M ਵਿੱਚ ਦੇਖੇ ਜਾ ਸਕਦੇ ਹਨ।

## ਸਿੱਧੀਆਂ ਡਾਕਾਂ

ROV ਵੱਲੋਂ Santa Clara ਕਾਉਂਟੀ ਦੇ ਹਰੇਕ ਰਜਿਸਟਰਡ ਵੋਟਰ ਨੂੰ ਦੋ (2) ਵੱਖ-ਵੱਖ ਡਾਕਾਂ ਰਾਹੀਂ ਸੰਪਰਕ ਕਰਕੇ ਆਗਾਮੀ ਚੋਣਾਂ ਬਾਰੇ ਸੂਚਿਤ ਕੀਤਾ ਜਾਵੇਗਾ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ, (866) 430-VOTE ਦਾ ਪ੍ਰਚਾਰ ਕੀਤਾ ਜਾਵੇਗਾ। ਇਹ ਡਾਕਾਂ ਵੋਟਰਾਂ ਨੂੰ ਨਵੇਂ ਚੋਣ ਮਾਡਲ, ਆਗਾਮੀ ਚੋਣਾਂ, ਇਹਨਾਂ ਤਬਦੀਲੀਆਂ ਬਾਰੇ ਹੋਰ ਜਾਣਕਾਰੀ ਦੇਖਣ ਦੇ ਟਿਕਾਣੇ ਬਾਰੇ ਜਾਣਕਾਰੀ ਪ੍ਰਦਾਨ ਕਰਨਗੀਆਂ ਅਤੇ ਇੱਕ ਲਿੰਕ ਵੀ ਮੁਹੱਈਆ ਕਰਨਗੀਆਂ, ਜਿੱਥੋਂ ਵੋਟਰ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ਼ ਥਾਵਾਂ ਦੇ ਟਿਕਾਣੇ, ਉਹਨਾਂ ਦੇ ਖੁੱਲ੍ਹੇ ਰਹਿਣ ਦੀਆਂ ਤਾਰੀਖ਼ਾਂ ਅਤੇ ਕੰਮਕਾਜੀ ਘੰਟਿਆਂ ਦੀ ਜਾਣਕਾਰੀ ਤੱਕ ਪਹੁੰਚ ਕਰ ਸਕਣਗੇ। ਸਿੱਧੀਆਂ ਡਾਕਾਂ ਅੰਦਰ ਪ੍ਰਦਾਨ ਕੀਤੀ ਵਧੀਕ ਜਾਣਕਾਰੀ ਵਿੱਚ ਸ਼ਾਮਲ ਹੋਵੇਗੀ: ਰਿਹਾਇਸ਼ੀ ਪੁਸ਼ਟੀਕਰਨ ਅਤੇ ਵੋਟਰ ਜਾਣਕਾਰੀ ਪੁਸ਼ਟੀਕਰਨ ਸੰਬੰਧੀ ਸਮੱਗਰੀ, ਕਾਰੋਬਾਰ ਸੰਬੰਧੀ ਜਵਾਬੀ ਮੇਲ, ਮਹੱਤਵਪੂਰਨ ਵੋਟ ਕੇਂਦਰ ਜਾਣਕਾਰੀ, ਕਾਉਂਟੀ ਅਤੇ ਰਾਜ ਵੋਟਰ ਜਾਣਕਾਰੀ ਗਾਈਡ ਸੰਬੰਧੀ ਵੇਰਵੇ, ਅਤੇ ਨਾਮ ਅਤੇ/ਜਾਂ ਪਾਰਟੀ ਸੰਬੰਧੀਕਰਨ ਨੂੰ ਅੱਪਡੇਟ ਕਰਨ ਸੰਬੰਧੀ ਹਿਦਾਇਤਾਂ। ਤੀਜੀ ਡਾਕ ਉਹਨਾਂ ਵੋਟਰਾਂ ਲਈ ਹੋਵੇਗੀ ਜਿਨ੍ਹਾਂ ਨੇ ਦੇਰੀ ਨਾਲ ਰਜਿਸਟਰ ਕੀਤਾ ਅਤੇ ਜਿਨ੍ਹਾਂ ਨੂੰ ਕਾਉਂਟੀ ਵੋਟਰ ਜਾਣਕਾਰੀ ਗਾਈਡ ਪ੍ਰਾਪਤ ਨਹੀਂ ਹੋਵੇਗੀ। ਤਿੰਨ ਡਾਕਾਂ ਵਿੱਚੋਂ ਇੱਕ ਵਿੱਚ ਰਿਹਾਇਸ਼ੀ ਪੈਨਲ ਸ਼ਾਮਲ ਹੋਵੇਗਾ, ਜਿਸ ਨਾਲ ਵੋਟਰ ਆਪਣੇ ਵੋਟਰ ਰਿਕਾਰਡ ਅੰਦਰਲੀ ਵਿਸ਼ੇਸ਼ ਜਾਣਕਾਰੀ ਨੂੰ ਅੱਪਡੇਟ ਕਰ ਸਕਣਗੇ।

### ROV ਦੀ ਵੈੱਬਸਾਈਟ ‘ਤੇ ਵੋਟਰ ਸਿੱਖਿਆ ਸੰਬੰਧੀ ਸਰੋਤ

ROV ਦੀ ਸਾਰੀ ਪਹੁੰਚ ਸੰਬੰਧੀ ਵੋਟਰ ਸਿੱਖਿਆ ਸਮੱਗਰੀ ਜਿਸ ਵਿੱਚ ਵੋਟਰ ਪਸੰਦ ਅਧਿਨਿਯਮ ਜਾਣਕਾਰੀ ਵੀ ਸ਼ਾਮਲ ਹੈ ROV ਦੀ ਵੈੱਬਸਾਈਟ ‘ਤੇ ਇਲੈਕਟ੍ਰੋਨਿਕ ਫਾਰਮੈਟ ਵਿੱਚ ਉਪਲਬਧ ਹੈ ਅਤੇ ਰਹੇਗੀ। ਮਾਰਚ 2020 ਦੀਆਂ ਮੁਢਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ, ROV ਦੀ ਵੈੱਬਸਾਈਟ ‘ਤੇ ਹੇਠ ਦਿੱਤੀ ਜਾਣਕਾਰੀ ਸ਼ਾਮਲ ਕੀਤੀ ਜਾਵੇਗੀ:

- VCA ਬਾਰੇ ਆਮ ਜਾਣਕਾਰੀ
- ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਦੇ ਟਿਕਾਣੇ ਅਤੇ ਕੰਮਕਾਜੀ ਘੰਟੇ
- ROV ਦੀ ਟੋਲ ਫ੍ਰੀ ਵੋਟਰ ਸਹਾਇਤਾ ਹੌਟਲਾਈਨ
- EAP ਦਸਤਾਵੇਜ਼
- VCA ਦੀ ਪ੍ਰਚਾਰ ਸਮੱਗਰੀ
- VCA ਦੇ ਸਿੱਖਲਾਈ ਵੀਡੀਓ ਅਤੇ ਪੇਸ਼ਕਾਰੀਆਂ
- ਪਹੁੰਚ ਅਤੇ ਵਰਕਸ਼ਾਪ ਸਮਾਂ-ਸੂਚੀਆਂ
- VCA-ਸੰਬੰਧਿਤ ਨਕਸ਼ੇ

## ਸੈਕਸ਼ਨ 2: ਵੋਟਰ ਸੰਪਰਕ – ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰੇ

ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ 5 ਜੂਨ, 2019 ਨੂੰ ਇੱਕ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦਾ ਗਠਨ ਕੀਤਾ ਗਿਆ ਸੀ, ਜਿਸਦਾ ਉਦੇਸ਼ ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਤੋਂ ਉਹਨਾਂ ਤਰੀਕਿਆਂ ਬਾਰੇ ਵਿਚਾਰ ਮੰਗਣਾ ਸੀ ਜਿਸ ਦੀ ਵਰਤੋਂ ਕਰਕੇ ਵੋਟ ਕੇਂਦਰ ਮਾਡਲ ਉਹਨਾਂ ਵੋਟਰਾਂ ਨੂੰ ਬਿਹਤਰ ਤਰੀਕੇ ਨਾਲ ਸਹੂਲਤਾਂ ਪ੍ਰਦਾਨ ਕਰ ਸਕਦਾ ਹੈ ਜੋ ਮੁੱਖ ਤੌਰ ‘ਤੇ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹਨ। ਇਹ ਕਮੇਟੀ ਵੱਖ-ਵੱਖ ਪਹਿਲੂਆਂ ‘ਤੇ ਫੀਡਬੈਕ ਪ੍ਰਦਾਨ ਕਰੇਗੀ, ਜਿਵੇਂ ਕਿ, ਵੋਟ ਕੇਂਦਰ ਦੇ ਟਿਕਾਣੇ, ਅਤੇ ਨਾਲ ਹੀ ਕੋਈ ਵਿਸ਼ੇਸ਼ਤਾਵਾਂ ਅਤੇ ਸੇਵਾਵਾਂ ਜੋ ਪ੍ਰਦਾਨ ਕੀਤੀਆਂ ਜਾਣਗੀਆਂ, ਜਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਕਮੇਟੀ ਪੂਰੇ 2020 ਦੇ ਚੋਣ ਸਾਈਕਲਾਂ ਦੌਰਾਨ ਕਿਰਿਆਸ਼ੀਲ ਰਹੇਗੀ, ਜਿਸ ਦਾ ਮਕਸਦ ਭਾਈਚਾਰੇ ਦੇ ਵਿਚਾਰਾਂ ਦੀ ਸੁਣਵਾਈ ਕਰਨ ਦਾ ਹੋਵੇਗਾ।

### ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਪਛਾਣਨਾ

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਦੀ ਪਛਾਣ Santa Clara ਕਾਉਂਟੀ ਦੇ ਰਜਿਸਟਰਡ ਵੋਟਰਾਂ ਦੀਆਂ ਤਰਜੀਹੀ ਭਾਸ਼ਾ ਸੰਬੰਧੀ ਬੇਨਤੀਆਂ ਦੇ ਆਧਾਰ ‘ਤੇ ਕੀਤੀ ਜਾਵੇਗੀ। ਇਸ ਜਾਣਕਾਰੀ ਦੀ ਜਨ-ਗਣਨਾ ਸੰਬੰਧੀ ਜਾਣਕਾਰੀ ਅਤੇ ਜਨਤਕ ਤੌਰ ‘ਤੇ ਉਪਲਬਧ ਹੋਰ ਜਨਅੰਕਣ ਸੰਬੰਧੀ ਜਾਣਕਾਰੀ ਦੇ ਨਾਲ ਮਿਲਾ ਕੇ ਵਰਤੋਂ ਕਰਦੇ ਹੋਏ, ROV ਨੇ ਪ੍ਰਮੁੱਖ ਭਾਸ਼ਾ ਦੇ ਖੇਤਰਾਂ ਦਾ ਇੱਕ ਨਕਸ਼ਾ ਤਿਆਰ ਕੀਤਾ ਹੈ। ਪਹੁੰਚ ਸੰਬੰਧੀ ਟੀਮ ਨੂੰ ਯੋਜਨਾਬੱਧ ਵੋਟਰ ਸਿੱਖਿਆ ਅਤੇ ਪਹੁੰਚ ਪ੍ਰੋਗਰਾਮ ਦੇ ਹਿੱਸੇ ਵਜੋਂ ਇਹਨਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਤਿਆਰ ਕੀਤਾ ਜਾਵੇਗਾ। ROV ਵੱਖ-ਵੱਖ ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਤੋਂ ਉਹਨਾਂ ਦੇ ਵਿਚਾਰਾਂ ਦੀ ਵੀ ਮੰਗ ਕਰੇਗਾ, ਜਿਸ ਦੀ ਵਰਤੋਂ ਪਹੁੰਚ ਦੀਆਂ ਹੋਰ ਵਿਧੀਆਂ ਦੀ ਪਛਾਣ ਕਰਨ ਅਤੇ ਉਹਨਾਂ ਭਾਈਚਾਰਕ ਸਮਾਰੋਹਾਂ ਦਾ ਪਤਾ ਲਗਾਉਣ ਲਈ ਕੀਤੀ ਜਾਵੇਗੀ ਜਿਨ੍ਹਾਂ ‘ਚ ਹਾਜ਼ਰੀ ਭਰਨੀ ਲਾਹੇਵੰਦ ਸਾਬਤ ਹੋ ਸਕਦੀ ਹੈ।

## ਅਲਪਸੰਖਿਅਕ ਭਾਸ਼ਾਵਾਂ ਵਾਲੇ ਉਹ ਭਾਈਚਾਰੇ ਜਿਨ੍ਹਾਂ ਨੂੰ ਸਹਿਯੋਗ ਪ੍ਰਦਾਨ ਕਰਨਾ ਹੈ

ROV ਵੱਲੋਂ ਅੰਗਰੇਜ਼ੀ ਸਮੇਤ ਨੌਂ (9) ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਪੰਜ ਭਾਸ਼ਾਵਾਂ ਸੰਘੀ ਤੌਰ 'ਤੇ ਲਾਜ਼ਮੀ ਹਨ: ਅੰਗਰੇਜ਼ੀ, ਚੀਨੀ, ਸਪੈਨਿਸ਼, ਟੈਗਾਲੋਗ, ਅਤੇ ਵੀਅਤਨਾਮੀ। ਦੋ ਭਾਸ਼ਾਵਾਂ ਰਾਜ ਵੱਲੋਂ ਲਾਜ਼ਮੀ ਹਨ: ਖਮੇਰ ਅਤੇ ਕੋਰੀਆਈ। ਬਾਕੀ ਰਹਿੰਦੀਆਂ ਦੋ ਭਾਸ਼ਾਵਾਂ, ਹਿੰਦੀ ਅਤੇ ਜਾਪਾਨੀ, ROV ਵੱਲੋਂ ਇਤਿਹਾਸਕ ਤੌਰ 'ਤੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਕਿਉਂਕਿ ਕਾਉਂਟੀ ਅੰਦਰ ਇਹ ਭਾਸ਼ਾਵਾਂ ਬੋਲਣ ਵਾਲੇ ਭਾਈਚਾਰਿਆਂ ਦੀ ਕਾਫ਼ੀ ਵੱਡੀ ਮੌਜੂਦਗੀ ਹੈ। ਅਧਿਕਾਰਤ ਬੈਲਟ, ਸ਼ਰਤਬੱਧ ਵੋਟਰ ਰਜਿਸਟ੍ਰੇਸ਼ਨ ਅਤੇ ਆਰਜ਼ੀ ਬੈਲਟ ਲਿਫਾਫੇ, ਅਤੇ ਵੋਟ ਕੇਂਦਰਾਂ ਅਤੇ ਬੈਲਟ ਡ੍ਰੌਪ-ਬੌਕਸਾਂ ਦੇ ਸਾਰੇ ਸਾਈਨੇਜ ਪੂਰੀਆਂ ਨੌਂ ਭਾਸ਼ਾਵਾਂ ਵਿੱਚ ਪ੍ਰਦਾਨ ਕੀਤੇ ਜਾਣਗੇ। ਜਿਵੇਂ ਕਿ ਪਹਿਲਾਂ ਤੋਂ ਚੱਲਿਆ ਆ ਰਿਹਾ ਹੈ ਕਾਉਂਟੀ ਵੋਟਰ ਜਾਣਕਾਰੀ ਗਾਈਡਾਂ (CVIGs) ਸਿਰਫ਼ ਸੰਘੀ ਤੌਰ 'ਤੇ ਲਾਜ਼ਮੀ ਭਾਸ਼ਾਵਾਂ ਵਿੱਚ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ, ਕਾਉਂਟੀ ਵਿੱਚ ਬੋਲੀਆਂ ਜਾਣ ਵਾਲੀਆਂ ਹੋਰ ਭਾਸ਼ਾਵਾਂ ਅਤੇ ਬੋਲੀਆਂ ਸੰਬੰਧੀ ਸਹਾਇਤਾ ਪ੍ਰਦਾਨ ਕਰਨ ਲਈ, ਦੁਭਾਸ਼ੀਆ ਵੋਟ ਕੇਂਦਰ ਸਟਾਫ਼ ਉਪਲਬਧ ਹੋ ਸਕਦਾ ਹੈ। ਇਹਨਾਂ ਭਾਸ਼ਾਵਾਂ ਵਿੱਚੋਂ ਕੁਝ ਹਨ, ਕੈਂਟੋਨੀਜ਼, ਫ਼ਾਰਸੀ, ਗੁਜਰਾਤੀ, ਨੇਪਾਲੀ, ਪੁਰਤਗਾਲੀ, ਪੰਜਾਬੀ, ਰੂਸੀ, ਸੀਰੀਆਈ, ਤਮਿਲ, ਤੇਲਗੂ ਅਤੇ ਥਾਈ। ਮੈਪਿੰਗ ਅਤੇ ਵਿਸ਼ੇਸ਼ ਭਾਸ਼ਾ ਸੰਬੰਧੀ ਭਾਈਚਾਰਿਆਂ ਨੂੰ ਸੇਧਿਤ ਕਰਨ ਦੇ ਆਧਾਰ 'ਤੇ, ROV ਵੱਲੋਂ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਵੱਖ-ਵੱਖ ਭਾਈਚਾਰਿਆਂ ਵਿੱਚ ਦੁਭਾਸ਼ੀਏ ਚੋਣ ਅਧਿਕਾਰੀ ਦੇ ਰੂਪ ਵਿੱਚ ਭਾਸ਼ਾ ਸੰਬੰਧੀ ਢੁਕਵੀਂ ਸਹਾਇਤਾ ਪ੍ਰਦਾਨ ਕੀਤੀ ਜਾਵੇ। ਸੰਭਾਵੀ ਤੌਰ 'ਤੇ ਵੱਧ ਤੋਂ ਵੱਧ ਭਾਸ਼ਾਵਾਂ ਨੂੰ ਸਮਰਥਨ ਦੇਣ ਦਾ ਵਿਹਾਰ ਹਾਲੀਆ ਚੋਣਾਂ ਵਿੱਚ ਵਰਤਿਆ ਗਿਆ ਸੀ, ਇਸ ਕਰਕੇ ਇਹਨਾਂ ਭਾਸ਼ਾ ਸੰਬੰਧੀ ਭਾਈਚਾਰਿਆਂ ਦੇ ਵਿਅਕਤੀਆਂ ਦੀ ਭਰਤੀ ਕਰਨ ਦੀ ਰਵਾਇਤੀ ਪ੍ਰਕਿਰਿਆ ਤੋਂ ਇਲਾਵਾ ROV ਵੱਲੋਂ ਸਾਬਕਾ ਚੋਣ ਅਧਿਕਾਰੀਆਂ ਤੱਕ ਵੀ ਪਹੁੰਚ ਕੀਤੀ ਜਾਵੇਗੀ।

## ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਲਈ ਵੋਟਰ ਸਿੱਖਿਆ ਵਰਕਸ਼ਾਪ

ROV ਵੱਲੋਂ ਪਹਿਲਾਂ ਜ਼ਿਕਰ ਕੀਤੀਆਂ ਗਈਆਂ ਨੌਂ (9) ਭਾਸ਼ਾਵਾਂ ਵਿੱਚ ਦੁਭਾਸ਼ੀਆ ਵੋਟਰ ਸਿੱਖਿਆ ਵਰਕਸ਼ਾਪਾਂ ਪ੍ਰਦਾਨ ਕੀਤੀਆਂ ਜਾਣਗੀਆਂ। ਹਰ ਵਿਸ਼ੇਸ਼ ਭਾਸ਼ਾ ਲਈ ਉਪਲਬਧ ਸਮੱਗਰੀ ਅਤੇ ਸਹਾਇਤਾ ਤੋਂ ਇਲਾਵਾ, ਇਹ ਵਰਕਸ਼ਾਪਾਂ Santa Clara ਕਾਉਂਟੀ ਦੇ ਭਾਸ਼ਾ ਸੰਬੰਧੀ ਭਾਈਚਾਰਿਆਂ ਲਈ ਵੋਟ ਕੇਂਦਰ ਮਾਡਲ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਇੱਕ ਮੌਕਾ ਪ੍ਰਦਾਨ ਕਰਣਗੀਆਂ। ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦੇ ਮੈਂਬਰਾਂ ਵੱਲੋਂ ਦਿੱਤੇ ਗਏ ਵਿਚਾਰਾਂ ਦੀ ਵਰਤੋਂ ਕਰਦੇ ਹੋਏ, ROV ਵਰਕਸ਼ਾਪਾਂ ਲਈ ਟਿਕਾਣੇ ਅਤੇ ਤਾਰੀਖ਼ਾਂ ਦੀ ਚੋਣ ਕਰੇਗਾ ਅਤੇ ਸਾਰੀਆਂ ਵਰਕਸ਼ਾਪਾਂ ਵਿੱਚ ਹਾਜਰੀ ਭਰਨ ਵਾਲਿਆਂ ਦੀ ਸਹਾਇਤਾ ਕਰਨ ਲਈ ਭਾਸ਼ਾ-ਵਿਸ਼ੇਸ਼ ਦੁਭਾਸ਼ੀਏ ਮੌਜੂਦ ਹੋਣਗੇ। ਇਸ ਲਿਖਤ ਦੇ ਪੂਰਾ ਹੋਣ ਸਮੇਂ, ROV ਵੱਲੋਂ ਅਕਤੂਬਰ 2019 ਦੀ ਸ਼ੁਰੂਆਤ ਵਿੱਚ ਕੋਰੀਆਈ ਅਮਰੀਕੀ ਸਮੁਦਾਇਕ ਸੇਵਾਵਾਂ ਲਈ ਦੁਭਾਸ਼ੀਆ ਵੋਟਰ ਸਿੱਖਿਆ ਵਰਕਸ਼ਾਪਾਂ ਦਾ ਆਯੋਜਨ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਚੀਨੀ, ਸਪੈਨਿਸ਼, ਟੈਗਾਲੋਗ, ਵੀਅਤਨਾਮੀ, ਹਿੰਦੀ, ਖਮੇਰ, ਅਤੇ ਜਾਪਾਨੀ ਭਾਸ਼ਾ ਦੇ ਭਾਈਚਾਰਿਆਂ ਨਾਲ ਵਰਕਸ਼ਾਪਾਂ ਕਰਨ ਦੀ ਯੋਜਨਾ ਹਾਲੇ ਕਾਰਵਾਈ ਅਧੀਨ ਹੈ।

## ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਸੇਧਿਤ ਕਰਨ ਲਈ ਮੀਡੀਆ ਦੀ ਵਰਤੋਂ

ਵੱਖ-ਵੱਖ ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਨੂੰ ਵੋਟ ਕੇਂਦਰ ਮਾਡਲ ਅਤੇ ਡਾਕ ਰਾਹੀਂ ਵੋਟ ਦੁਆਰਾ ਵੋਟਿੰਗ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ, ਅਤੇ ਨਾਲ ਹੀ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਦਾ ਟੋਲ ਫ਼੍ਰੀ ਹੌਟਲਾਈਨ ਨੰਬਰ (866) 430-VOTE, ਅਤੇ ਸਧਾਰਨ ਵੋਟਰ ਜਾਣਕਾਰੀ ਲਈ ਨੰਬਰ (408) 299-VOTE ਪ੍ਰਦਾਨ ਕੀਤਾ ਜਾਵੇਗਾ। ਬਹੁਤ ਸਾਰੇ ਭਾਸ਼ਾ-ਵਿਸ਼ੇਸ਼ ਮੀਡੀਆ ਅਦਾਰਿਆਂ

ਨਾਲ ਇਸ ਸੰਬੰਧੀ ਸਹਿਕਾਰਤਾ ਕੀਤੀ ਜਾਵੇਗੀ, ਤਾਂ ਕਿ ਸੰਘੀ ਤੌਰ ‘ਤੇ ਲਾਜ਼ਮੀ ਸਾਰੀਆਂ ਭਾਸ਼ਾਵਾਂ ਦਾ ਪ੍ਰਤਿਨਿਧ ਕੀਤਾ ਜਾ ਸਕੇ। ਮੀਡੀਆ ਅਦਾਰਿਆਂ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ।

1. ਸਥਾਨਕ ਟੈਲੀਵਿਜ਼ਨ ਅਤੇ ਭਾਈਚਾਰਕ ਕੇਬਲ ਸਟੇਸ਼ਨ
    a. Univision (ਸਪੈਨਿਸ਼)
    b. Epoch Times (ਚੀਨੀ)
    c. Telemundo (ਸਪੈਨਿਸ਼)
    d. Namaste (ਹਿੰਦੀ)
    e. Crossing TV (ਅੰਗਰੇਜ਼ੀ + ਸਾਰੀਆਂ 8 ਵਧੀਕ ਭਾਸ਼ਾਵਾਂ)
2. ਅਖਬਾਰ (ਖੇਤਰੀ ਅਤੇ ਸਮੁਦਾਇ ਵਿਸ਼ੇਸ਼)
    a. El Observador (ਸਪੈਨਿਸ਼)
    b. Epoch Times (ਚੀਨੀ)
    c. India West (ਅੰਗਰੇਜ਼ੀ)
    d. Korea Times (ਕੋਰੀਆਈ)
    e. Nichi Bei Weekly (ਜਾਪਾਨੀ)
    f. Philippine News (ਟੈਗਾਲੋਗ)
    g. Viet Nam Daily (ਵੀਅਤਨਾਮੀ)
    h. World Journal (ਚੀਨੀ)
    i. N & R (ਅੰਗਰੇਜ਼ੀ)
    j. China Press (ਚੀਨੀ)
    k. JWeekly (ਜਾਪਾਨੀ)
    l. Spotlight (ਅੰਗਰੇਜ਼ੀ)
    m. Bayspo Magazine (ਜਾਪਾਨੀ)
    n. Daily Post (ਅੰਗਰੇਜ਼ੀ)
    o. India Currents (ਹਿੰਦੀ)
3. ਰੇਡੀਓ
    a. Univision (ਸਪੈਨਿਸ਼)
    b. Celina Rodriquez (ਸਪੈਨਿਸ਼)
    c. Sound of Hope (ਚੀਨੀ)
    d. Sing Tao (ਚੀਨੀ)
    e. Vien Thao (ਵੀਅਤਨਾਮੀ)
    f. China Press (ਚੀਨੀ)
    g. Radio Zindagi (Hindi)

4. ਸੋਸ਼ਲ ਮੀਡੀਆ ਅਤੇ ਵਿਭਾਗ ਦੀਆਂ ਵੈੱਬਸਾਈਟਾਂ
    a. ROV ਦਾ Facebook ਪੰਨਾ:https://www.facebook.com/sccvote
    b. ਕਾਉਂਟੀ ਦਾ Facebook ਪੰਨਾ: https://www.facebook.com/county.of.santa.clara
    c. ROV Twitter: https://twitter.com/sccvote
    d. ਕਾਉਂਟੀ Twitter: https://twitter.com/SCCgov
    e. ROV Instagram: www.instagram.com/sccvote
    f. Nextdoor ਐਪ: (ਸੰਚਾਰ ਅਤੇ ਮੀਡੀਆ Santa Clara ਕਾਉਂਟੀ ਲਈ ਖੋਜੋ)
    g. ਕਾਉਂਟੀ ਦੀ ਖਬਰਾਂ ਫੀਡ ਸੰਬੰਧੀ ਗਾਹਕੀ ਦੀਆਂ ਸੂਚੀਆਂ
    h. ROV Youtube: https://www.youtube.com/sccvote
    i. ROV ਵੈੱਬਸਾਈਟ: https://www.sccvote.org
5. ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਦੇ ਸੂਚਨਾ-ਪੱਤਰ
6. ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਦੇ ਵੋਟਰਾਂ ਨੂੰ ਆਗਾਮੀ ਚੋਣਾਂ ਅਤੇ ਟੋਲ ਫ੍ਰੀ ਸਹਾਇਤਾ ਹੌਟਲਾਈਨ ਬਾਰੇ ਸੂਚਿਤ ਕਰਨ ਲਈ ਜਨਤਕ ਸੇਵਾ ਘੋਸ਼ਣਾਵਾਂ (PSAs) ਦੀ ਵਰਤੋਂ ਕੀਤੀ ਜਾਵੇਗੀ। PSA ਨੂੰ ਅਲਪਸੰਖਿਅਕ ਭਾਸ਼ਾਵਾਂ ਦੇ ਟੈਲੀਵਿਜ਼ਨ, ਰੇਡੀਓ, ਅਖਬਾਰਾਂ ਅਤੇ ਔਨਲਾਈਨ ਸਰੋਤਾਂ ਰਾਹੀਂ ਵੰਡਿਆ ਜਾਵੇਗਾ।

ਅਲਪਸੰਖਿਅਕ ਭਾਸ਼ਾਵਾਂ ਵਾਲੇ ਭਾਈਚਾਰਿਆਂ ਤੱਕ ਪਹੁੰਚ ਕਰਨ ਦੇ ਹੋਰ ਮੌਕਿਆਂ ਵਿੱਚ ਸ਼ਾਮਲ ਹੈ ਮੀਡੀਆ ਜਾਣਕਾਰੀ ਸੈਸ਼ਨਾਂ ਦੌਰਾਨ ਦੁਭਾਸ਼ੀਆ ਸਟਾਫ਼ ਮੁਹੱਈਆ ਕਰਵਾਉਣਾ, ਜਿਵੇਂ ਕਿ ਯੋਜਨਾਬੱਧ ਓਪਨ ਹਾਊਸ, ਜਿੱਥੇ ROV ਵੱਲੋਂ ਵੋਟ ਕੇਂਦਰਾਂ ਵਿੱਚ ਰੱਖੇ ਜਾਣ ਵਾਲੇ ਵੋਟਿੰਗ ਸਿਸਟਮ ਨੂੰ ਪ੍ਰਦਰਸ਼ਿਤ ਕੀਤਾ ਜਾਵੇਗਾ।

## ਚੋਣ ਅਧਿਕਾਰੀ

ਵੋਟ ਕੇਂਦਰ ਸਟਾਫ਼ ਦੇ ਗਠਨ ਨੂੰ ਨਿਰਧਾਰਿਤ ਕਰਨ ਲਈ, ROV ਵੱਲੋਂ ਚੋਣ ਅਧਿਕਾਰੀ ਭਰਤੀ ਕੀਤੇ ਜਾਣਗੇ (ਚੋਣ ਕੋਡ ਅਨੁਸਾਰ ਚੋਣ ਬੋਰਡ ਕਿਹਾ ਜਾਂਦਾ ਹੈ)[22]। ਵੋਟ ਕੇਂਦਰਾਂ ਵਿੱਚ ਭਰਤੀ ਕੀਤੇ ਜਾਣ ਵਾਲੇ ਸਟਾਫ਼ ਦੀ ਗਿਣਤੀ ਚੋਣ ਵਾਲੇ ਦਿਨ ਤੋਂ ਨੇੜਤਾ ਅਤੇ ਵੋਟ ਕੇਂਦਰ ਦੇ ਆਕਾਰ ‘ਤੇ ਆਧਾਰਿਤ ਹੋਵੇਗੀ। ਯੋਜਨਾ ਇਹ ਹੈ ਕਿ ਹਰੇਕ ਵੋਟ ਕੇਂਦਰ ਲਈ ਛੇ (6) ਤੋਂ ਪੰਦਰਾਂ (15) ਚੋਣ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਜਾਵੇ। ਚੋਣਾਂ ਵਾਲੇ ਦਿਨ ਦੇ ਨੇੜੇ ਆਉਣ ਕਰਕੇ ਜ਼ਿਆਦਾ ਭੀੜ ਵਾਲੇ ਸਮਿਆਂ ਦੌਰਾਨ ਅਤੇ ਵੱਡੇ ਵੋਟ ਕੇਂਦਰਾਂ ਲਈ ਜ਼ਿਆਦਾ ਸਟਾਫ਼ ਤੈਨਾਤ ਕੀਤਾ ਜਾਵੇਗਾ। ਚੋਣਾਂ ਵਾਲੇ ਦਿਨ ਤੋਂ 10 ਦਿਨ ਪਹਿਲਾਂ ਤੋਂ ਲੈ ਕੇ 4 ਦਿਨ ਪਹਿਲਾਂ ਤੱਕ, ਵੋਟ ਕੇਂਦਰਾਂ ਵਿੱਚ ਘੱਟੋ-ਘੱਟ 6 ਸਟਾਫ਼ ਮੈਂਬਰਾਂ ਹੋਣਗੇ। ਚੋਣਾਂ ਵਾਲੇ ਦਿਨ ਤੋਂ 3 ਦਿਨ ਪਹਿਲਾਂ ਤੋਂ ਲੈ ਕੇ 1 ਦਿਨ ਪਹਿਲਾਂ ਤੱਕ, ਵੋਟ ਕੇਂਦਰਾਂ ਵਿੱਚ ਘੱਟੋ-ਘੱਟ 11 ਸਟਾਫ਼ ਮੈਂਬਰ ਹੋਣਗੇ। ਚੋਣਾਂ ਵਾਲੇ ਦਿਨ, ਹਰੇਕ ਵੋਟ ਕੇਂਦਰ ਵਿੱਚ ਘੱਟੋ-ਘੱਟ 15 ਸਟਾਫ਼ ਮੈਂਬਰ ਹੋਣਗੇ।

ਇਹ ਵੀ ਯੋਜਨਾ ਹੈ ਕਿ ਹਰ ਭਾਸ਼ਾ ਲਈ ਘੱਟੋ-ਘੱਟ ਇੱਕ ਚੋਣ ਅਧਿਕਾਰੀ ਨਿਯੁਕਤ ਕੀਤਾ ਜਾਵੇ, ਜਾਂ ਜੇ ਇਹ ਸੰਭਵ ਨਹੀਂ, ਤਾਂ ਉਸ ਵੋਟ ਕੇਂਦਰ ਦੇ ਖੇਤਰ ਵਿੱਚ ਸਭ ਤੋਂ ਆਮ ਤੌਰ ‘ਤੇ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਲਈ ਘੱਟੋ-ਘੱਟ ਇੱਕ ਚੋਣ ਅਧਿਕਾਰੀ ਨਿਯੁਕਤ ਕੀਤਾ ਜਾਵੇ। ROV ਵੱਲੋਂ ਜਿੰਨਾ ਹੋ ਸਕੇ ਓਨੇ ਜ਼ਿਆਦਾ ਬਹੁਭਾਂਤੀ ਭਾਈਚਾਰਿਆਂ ਤੋਂ ਵੋਟ ਕੇਂਦਰ ਸਟਾਫ਼ ਭਰਤੀ ਕੀਤਾ ਜਾਵੇਗਾ, ਤਾਂ ਕਿ ਵੋਟਰਾਂ ਲਈ ਅਨੁਵਾਦਕ ਦੇ ਤੌਰ ‘ਤੇ ਕੰਮ ਕਰਨ ਲਈ ਪ੍ਰਮਾਣਿਤ ਹੋਣ ਦੇ ਨਾਲ ਨਾਲ ਵੋਟਰਾਂ ਦੀ ਪ੍ਰਕਿਰਿਆ ਕਰਨ ਵਿੱਚ ਮਦਦ ਕਰਨ ਵਾਸਤੇ ਲੋੜ ਪੈਣ

---
[22] ਚੋਣ ਕੋਡ, ਭਾਗ 12, ਅਧਿਆਏ 4 ਦੀ ਧਾਰਾ 1

ਵਾਲੇ ਹੁਨਰਾਂ ਨੂੰ ਜਿੰਨਾ ਹੋ ਸਕੇ ਵਧਾਇਆ ਜਾ ਸਕੇ। ਭਰਤੀ ਦੀ ਪ੍ਰਕਿਰਿਆ ਸਾਬਕਾ ਦੁਭਾਸ਼ੀਏ ਚੋਣ ਅਧਿਕਾਰੀਆਂ ਨਾਲ ਸੰਪਰਕ ਕਰਨ ਤੋਂ ਸ਼ੁਰੂ ਹੋਵੇਗੀ, ਅਤੇ ਇਸ ਦੇ ਨਾਲ-ਨਾਲ ਆਮ ਖੁੱਲ੍ਹੀ-ਭਰਤੀ ਅਰਜ਼ੀ ਪ੍ਰਕਿਰਿਆ ਵੀ ਚੱਲੇਗੀ।

## ਸੈਕਸ਼ਨ 3: ਵੋਟਰ ਸੰਪਰਕ – ਅਸਮਰਥਤਾਵਾਂ ਵਾਲੇ ਵੋਟਰ

ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ 7 ਜੂਨ, 2019 ਨੂੰ ਇੱਕ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (LAAC) ਦਾ ਗਠਨ ਕੀਤਾ ਗਿਆ ਸੀ, ਜਿਸਦਾ ਉਦੇਸ਼ ਪਹੁੰਚਯੋਗਤਾ ਸੰਬੰਧੀ ਸਮੱਸਿਆ ਵਾਲੇ ਵੋਟਰਾਂ ਤੋਂ ਵਿਚਾਰ ਮੰਗਣਾ ਸੀ, ਜਿਵੇਂ ਕਿ ਬਜ਼ੁਰਗ ਜਾਂ ਅਸਮਰਥਤਾਵਾਂ ਵਾਲੇ ਵੋਟਰ, ਤਾਂ ਕਿ ਉਹਨਾਂ ਤਰੀਕਿਆਂ ਦਾ ਪਤਾ ਲਗਾਇਆ ਜਾ ਸਕੇ ਜਿਨ੍ਹਾਂ ਨੂੰ ਵਰਤੋਂ ਵਿੱਚ ਲਿਆ ਕੇ ਨਵਾਂ ਚੋਣ ਮਾਡਲ ਉਹਨਾਂ ਲਈ ਇਸ ਪ੍ਰਕਿਰਿਆ ਨੂੰ ਸੁਖਾਲਾ ਬਣਾ ਸਕੇ। ਇਹ ਕਮੇਟੀ ਵੱਖ-ਵੱਖ ਪਹਿਲੂਆਂ ‘ਤੇ ਫੀਡਬੈਕ ਪ੍ਰਦਾਨ ਕਰੇਗੀ, ਜਿਵੇਂ ਕਿ, ਵੋਟ ਕੇਂਦਰ ਦੇ ਟਿਕਾਣੇ, ਅਤੇ ਨਾਲ ਹੀ ਕੋਈ ਵਿਸ਼ੇਸ਼ਤਾਵਾਂ ਅਤੇ ਸੇਵਾਵਾਂ ਜੋ ਪ੍ਰਦਾਨ ਕੀਤੀਆਂ ਜਾਣਗੀਆਂ, ਜਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਕਮੇਟੀ ਪੂਰੇ 2020 ਦੇ ਚੋਣ ਸਾਈਕਲਾਂ ਦੌਰਾਨ ਕਿਰਿਆਸ਼ੀਲ ਰਹੇਗੀ, ਜਿਸ ਦਾ ਮਕਸਦ ਭਾਈਚਾਰੇ ਦੇ ਵਿਚਾਰਾਂ ਦੀ ਸੁਣਵਾਈ ਕਰਨਾ, ਅਤੇ ਉਹਨਾਂ ਨਾਲ ਕੰਮ ਕਰਨਾ ਹੋਵੇਗਾ।

### ਅਸਮਰਥਤਾਵਾਂ ਵਾਲੇ ਵੋਟਰਾਂ ਦੀਆਂ ਲੋੜਾਂ ਨੂੰ ਪਛਾਣਨ ਲਈ ਵਰਤੀਆਂ ਜਾਣ ਵਾਲੀਆਂ ਵਿਧੀਆਂ

ROV ਵੱਲੋਂ ਅਸਮਰਥਤਾਵਾਂ ਵਾਲੇ ਵੋਟਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਤਰੀਕਿਆਂ ਵਿੱਚ ਨਿਰੰਤਰ ਤੌਰ ‘ਤੇ ਸੁਧਾਰ ਕੀਤਾ ਜਾ ਰਿਹਾ ਹੈ। ਇੰਝ ਕਰਨ ਲਈ, ROV ਵੱਲੋਂ ਚਾਰ (4) ਪ੍ਰਮੁੱਖ ਸਰੋਤਾਂ ਤੋਂ ਪ੍ਰਾਪਤ ਕੀਤੀਆਂ ਅਸਮਰਥਤਾਵਾਂ ਵਾਲੇ ਵੋਟਰਾਂ ਸੰਬੰਧੀ ਸਿਫਾਰਸ਼ਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ: (1) ਅਸਮਰਥਤਾਵਾਂ ਵਾਲੇ ਵਸਨੀਕ, (2) CBO, ਜੋ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਹਨ, (3) VCA ਲਾਗੂ ਕਰਨ ਵਾਲੀਆਂ ਹੋਰ ਕਾਉਂਟੀਆਂ, ਅਤੇ (4) ਰਾਜ ਦੇ ਸੱਕਤਰ ਦਾ ਦਫ਼ਤਰ। VCA ਵੱਲੋਂ ਵੋਟਿੰਗ ਕਰਵਾਉਣ ਦੇ ਤਰੀਕੇ ਨੂੰ ਬਿਲਕੁਲ ਨਵਾਂ ਰੂਪ ਦੇਣ ਤੋਂ ਬਾਅਦ, ROV ਵੱਲੋਂ ਵੀ ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਅਸਮਰਥਤਾਵਾਂ ਵਾਲੇ ਵੋਟਰਾਂ (ਅਤੇ ਉਹਨਾਂ ਦਾ ਸਮਰਥਨ ਕਰਨ ਵਾਲੇ CBOs) ਨਾਲ ਸੰਬੰਧ ਬਣਾਉਣ ਦਾ ਇੱਕ ਨਵਾਂ ਪੜਾਅ ਸ਼ੁਰੂ ਕੀਤਾ ਜਾ ਰਿਹਾ ਹੈ।

ਡਿਸਏਬਿਲਿਟੀ ਰਾਈਟਜ਼ California ਅਤੇ Silicon Valley ਇੰਡੀਪੈਨਡੈਂਟ ਲਿਵਿੰਗ ਸੈਂਟਰ, ਅਜਿਹੀਆਂ ਦੋ ਸੰਸਥਾਵਾਂ ਹਨ, ਜਿਨ੍ਹਾਂ ਨੇ ਅਸਮਰਥਤਾਵਾਂ ਵਾਲੇ ਵੋਟਰਾਂ ਦੀਆਂ ਲੋੜਾਂ ਦੇ ਸੰਬੰਧ ਵਿੱਚ ROV ਤੱਕ ਸਿੱਧੀ ਪਹੁੰਚ ਕੀਤੀ। ਉਸ ਸ਼ੁਰੂਆਤੀ ਸ਼ਮੂਲੀਅਤ ਤੋਂ ਬਾਅਦ, ROV ਨੇ ਹੇਠਾਂ ਦਿੱਤੀਆਂ ਸੰਸਥਾਵਾਂ ਨਾਲ ਆਪਣੇ ਸੰਬੰਧਾਂ ਨੂੰ ਅੱਗੇ ਵਧਾਉਣਾ ਜਾਰੀ ਰੱਖਿਆ ਹੈ:

- ਨੇਤਰਹੀਣਾਂ ਅਤੇ ਦੇਖਣ ਤੋਂ ਅਸਮਰੱਥ ਵਿਅਕਤੀਆਂ ਲਈ Vista ਸੈਂਟਰ
- ਵਿਕਾਸ ਸੰਬੰਧੀ ਅਸਮਰੱਥਾਵਾਂ ਦੀ ਰਾਜ ਕੌਂਸਲ – Central Coast ਦਫ਼ਤਰ
- Handicapables
- Santa Clara Valley ਦਾ ਨੇਤਰਹੀਣ ਕੇਂਦਰ
- San Andreas ਦਾ ਖੇਤਰੀ ਕੇਂਦਰ

ਇਹ ਨਵਾਂ ਪੜਾਅ ਅਸਮਰਥਤਾਵਾਂ ਵਾਲੇ ਵੋਟਰਾਂ ਤੋਂ ਸਿੱਧੇ ਵਿਚਾਰ ਪ੍ਰਾਪਤ ਕਰਨ ‘ਤੇ ਜ਼ੋਰ ਦਿੰਦਾ ਹੈ। ROV ਵੋਟਰਾਂ ਤੋਂ ਸਿੱਧਾ ਪ੍ਰਾਪਤ ਹੋਣ ਵਾਲੀਆਂ ਸਾਰੀਆਂ ਸਿਫਾਰਸ਼ਾਂ ਦੀ ਸਮੀਖਿਆ/ਪੜਚੋਲ ਕਰਨ ਲਈ ਵਚਨਬੱਧ/ਤਿਆਰ ਹੈ।

## ਅਸਮਰੱਥਾ ਵਾਲੇ ਭਾਈਚਾਰੇ ਤੱਕ ਪਹੁੰਚ

ਸਧਾਰਨ ਮੀਡੀਆ ਮੁਹਿੰਮ ਤੋਂ ਇਲਾਵਾ, ROV ਵੱਲੋਂ ਪਹੁੰਚਯੋਗਤਾ ਲੋੜਾਂ ਵਾਲੇ ਵੋਟਰਾਂ ਨੂੰ ਜਾਣਕਾਰੀ ਪ੍ਰਦਾਨ ਕਰਨ 'ਤੇ ਵੀ ਫੋਕਸ ਕੀਤਾ ਜਾਵੇਗਾ। ਇਸ ਵਿੱਚ ਹਰੇਕ ਵੋਟ ਕੇਂਦਰ 'ਤੇ ਘੱਟੋ-ਘੱਟ ਤਿੰਨ ਪਹੁੰਚਯੋਗ ਵੋਟਿੰਗ ਡੀਵਾਈਆਂ ਦੀ ਉਪਲਬਧਤਾ ਬਾਰੇ, ਅਤੇ ਨਾਲ ਹੀ ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਸਿਸਟਮ ਦੀ ਵਰਤੋਂ ਕਰਨ ਸੰਬੰਧੀ ਬੇਨਤੀ ਕਰਨ ਦੇ ਵਿਕਲਪ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ। RAVBM ਸਿਸਟਮ ਨੂੰ ਖਾਸ ਤੌਰ 'ਤੇ ਅਸਮਰਥਤਾਵਾਂ ਵਾਲੇ ਰਜਿਸਟਰਡ ਵੋਟਰਾਂ ਦੀ ਵਰਤੋਂ ਲਈ ਨਿਯਤ ਕੀਤਾ ਗਿਆ ਹੈ, ਅਤੇ ਨਾਲ ਹੀ ਇਸਦੀ ਵਰਤੋਂ ਫੌਜ ਵਿੱਚ ਸ਼ਾਮਲ ਲੋਕ ਅਤੇ ਕਿਸੇ ਦੂਜੇ ਦੇਸ਼ ਵਿੱਚ ਰਹਿਣ ਵਾਲੇ ਵੋਟਰ ਵੀ ਕਰ ਸਕਦੇ ਹਨ[23]।

ਜਾਣਕਾਰੀ ਪ੍ਰਸਾਰਨ ਦੇ ਹੋਰ ਮੌਕਿਆਂ ਵਿੱਚ ਸ਼ਾਮਲ ਹੈ:

1. ਸੰਸਥਾਵਾਂ ਜੋ ਬਜ਼ੁਰਗਾਂ ਜਾਂ ਅਸਮਰਥਤਾਵਾਂ ਵਾਲੇ ਵਿਅਕਤੀਆਂ ਨੂੰ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ, ਜਿਵੇਂ ਕਿ Silicon Valley ਇੰਡੀਪੈਨਡੈਂਟ ਲਿਵਿੰਗ ਸੈਂਟਰ, ਨੇਤਰਹੀਣਾਂ ਲਈ Silicon Valley ਕੌਂਸਲ, Santa Clara Valley ਦਾ ਨੇਤਰਹੀਣ ਕੇਂਦਰ ਇਨਕੋਰਪੋਰੇਟੇਡ, ਅਤੇ ਗ੍ਰੇਟਰ ਆਪਰਚਿਊਨੀਟੀਜ਼, ਅਤੇ ਹੋਰ।
2. ਭਾਈਚਾਰਕ ਭਾਈਵਾਲ, ਸ਼ਹਿਰ, ਖਾਸ ਡਿਸਟ੍ਰਿਕਟ, ਸਕੂਲ ਡਿਸਟ੍ਰਿਕਟ, ਮੱਤ-ਆਧਾਰਿਤ ਸੰਸਥਾਵਾਂ, ਅਤੇ ਪੂਰੀ ਕਾਊਂਟੀ ਵਿਚਲੇ ਜਨਤਕ ਸੂਚਨਾ ਅਧਿਕਾਰੀ
3. ਵੋਟ ਕੇਂਦਰ ਦੀ ਨਕਲ ਦਾ ਅਨੁਭਵ ਪ੍ਰਦਾਨ ਕਰਨ ਲਈ "ਓਪਨ ਹਾਊਸ" ਜਨਤਕ ਪ੍ਰਦਰਸ਼ਨ ਅਤੇ ਕਿਸੇ ਮੀਡੀਆ ਸੰਬੰਧੀ ਮੌਕੇ 'ਤੇ ਉਜਾਗਰ ਕੀਤੇ ਗਏ ਪਹੁੰਚਯੋਗਤਾ ਵਿਕਲਪ
4. ਵੋਟ ਕੇਂਦਰਾਂ 'ਤੇ ਉਪਲਬਧ ਪਹੁੰਚਯੋਗਤਾ ਵਿਕਲਪ ਨੂੰ ਉਜਾਗਰ ਕਰਦੀਆਂ ਰੇਡੀਓ ਅਤੇ ਟੈਲੀਵਿਜ਼ਨ ਜਨਤਕ ਸੇਵਾ ਘੋਸ਼ਣਾਵਾਂ
5. ਜਨਤਕ ਸੇਵਾ ਘੋਸ਼ਣਾਵਾਂ ਦੀ ਵਰਤੋਂ ਵੋਟ ਕੇਂਦਰਾਂ 'ਤੇ ਉਪਲਬਧ ਪਹੁੰਚਯੋਗਤਾ ਵਿਕਲਪਾਂ ਨੂੰ, ਅਤੇ ਨਾਲ ਹੀ ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ ਸਿਸਟਮ ਦੀ ਉਪਲਬਧਤਾ ਨੂੰ ਉਜਾਗਰ ਕਰਨ ਲਈ ਕੀਤਾ ਜਾਵੇਗਾ।

## ਅਸਮਰਥਤਾਵਾਂ ਵਾਲੇ ਵੋਟਰਾਂ ਲਈ ਸੇਵਾਵਾਂ

ਸਾਰੇ ਵੋਟ ਕੇਂਦਰ ਅਸਮਰਥਤਾਵਾਂ ਵਾਲੇ ਅਮਰੀਕਾ ਵਾਸੀਆਂ ਲਈ ਬਣੇ ਅਧਿਨਿਯਮਾਂ (ADA) ਦੀ ਪਾਲਣਾ ਕਰਨਗੇ। ਲੋੜ ਪੈਣ 'ਤੇ, ਹੋਰ ਉਪਲਬਧ ਦਰਵਾਜ਼ੇ ਅਤੇ ਪ੍ਰਵੇਸ਼ ਰਸਤੇ ਖੋਲ੍ਹ ਦਿੱਤੇ ਜਾਣਗੇ, ਤਾਂ ਕਿ ਸਾਰੇ ਵੋਟਰਾਂ ਲਈ ਪੂਰੀ ਪਹੁੰਚ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ। ਇਸ ਤੋਂ ਇਲਾਵਾ, ਆਕਾਰ ਦੇ ਆਧਾਰ 'ਤੇ, ਵੋਟ ਕੇਂਦਰ ਤਿੰਨ ਤੋਂ ਛੇ ਵੋਟਿੰਗ ਡਿਵਾਈਸਾਂ ਨਾਲ ਲੈਸ ਹੋਣਗੇ, ਜਿਨ੍ਹਾਂ ਨੂੰ ਬੈਲਟ 'ਤੇ ਨਿਸ਼ਾਨ ਲਗਾਉਣ ਵਾਲਾ ਡਿਵਾਈਸ (BMD) ਵੀ ਕਿਹਾ ਜਾਂਦਾ ਹੈ, ਅਤੇ ਜਿਨ੍ਹਾਂ ਵਿੱਚ ADA ਅਨੁਰੂਪ ਵਿਸ਼ੇਸ਼ਤਾਵਾਂ ਹੁੰਦੀਆਂ ਹਨ, ਜੋ ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸੁਤੰਤਰ ਅਤੇ ਪਰਦੇਦਾਰੀ ਵਿੱਚ ਬੈਲਟ ਕਾਸਟ ਕਰਨ ਦਿੰਦੀਆਂ ਹਨ। ਉਹਨਾਂ ਵੋਟਰਾਂ ਲਈ ਜੋ ਆਪਣੇ ਘਰ ਦੇ ਆਰਾਮ ਵਿੱਚ ਵੋਟ ਪਾਉਣ ਪਸੰਦ ਕਰਦੇ ਹਨ, RAVBM ਸਿਸਟਮ ਲਈ ਅਰਜ਼ੀ ਦੇਣ ਦਾ ਅਤੇ ਇਸ ਤੱਕ ਪਹੁੰਚ ਕਰਨ ਦਾ ਵਿਕਲਪ ਵੀ ਹੋਵੇਗਾ। RAVBM ਦੇ ਤਹਿਤ, ਵੋਟਰਾਂ ਨੂੰ ਲਿੰਕ ਵਾਲੀ ਇੱਕ ਈਮੇਲ ਭੇਜੀ ਜਾਵੇਗੀ, ਜਿਸ ਤੋਂ ਉਹ ਆਪਣਾ ਅਧਿਕਾਰਤ ਬੈਲਟ ਡਾਊਨਲੋਡ ਕਰ ਸਕਣਗੇ, ਅਤੇ ਨਾਲ ਹਿਦਾਇਤਾਂ ਵੀ ਹੋਣਗੀਆਂ, ਜਿਨ੍ਹਾਂ ਵਿੱਚ ਇਹ ਦੱਸਿਆ ਹੋਵੇਗਾ ਕਿ ਬੈਲਟ ਨੂੰ ਪ੍ਰਿੰਟ ਅਤੇ ਪੂਰਾ ਕਰਕੇ, ROV ਨੂੰ ਵਾਪਸ ਕਿਵੇਂ ਕਰਨਾ ਹੈ। ਅਸਮਰਥਤਾਵਾਂ ਵਾਲੇ ਵੋਟਰ ਆਮ ਵੋਟਰ ਜਾਣਕਾਰੀ ਲੈਣ ਲਈ (408) 299-VOTE 'ਤੇ ਕਾੱਲ ਕਰਨ ਤੋਂ ਇਲਾਵਾ, ਕਿਸੇ ਵੀ ਤਰ੍ਹਾਂ ਦੀ

[23] California ਚੋਣ ਕੋਡ §303.3 ਦੇਖੋ

ਹੋਰ ਮਦਦ ਲਈ ROV ਦੀ ਟੋਲ ਫ੍ਰੀ ਹੌਟਲਾਈਨ (866) 430-VOTE ‘ਤੇ ਵੀ ਕਾੱਲ ਕਰ ਸਕਦੇ ਹਨ। ਦੋਵੇਂ ਲਾਈਨਾਂ ਭਾਸ਼ਾ ਸੰਬੰਧੀ ਸਹਾਇਤਾ ਪ੍ਰਦਾਨ ਕਰਦੀਆਂ ਹਨ।

## ਅਸਮਰੱਥਾ ਵਾਲੇ ਭਾਈਚਾਰੇ ਲਈ ਵੋਟਰ ਸਿੱਖਿਆ ਵਰਕਸ਼ਾਪ

ROV ਵੱਲੋਂ ਬਜ਼ੁਰਗਾਂ ਅਤੇ ਅਸਮਰਥਤਾਵਾਂ ਵਾਲੇ ਵੋਟਰਾਂ ਲਈ ਵੋਟਰ ਸਿੱਖਿਆ ਵਰਕਸ਼ਾਪਾਂ ਕਰਵਾਈਆਂ ਜਾਣਗੀਆਂ, ਜਿਸ ਵਿੱਚ ਉਪਲਬਧ ਪਹੁੰਚਯੋਗਤਾ ਵਿਕਲਪਾਂ ਅਤੇ ਵੋਟ ਕੇਂਦਰ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। ਵਰਕਸ਼ਾਪਾਂ ਵਿੱਚ ਵੋਟ ਕੇਂਦਰ ਮਾਡਲ ਬਾਰੇ ਸਿੱਖਿਆ, ਨਵੇਂ ਵੋਟਿੰਗ ਉਪਕਰਣਾਂ ਦੇ ਪ੍ਰਦਰਸ਼ਨ, ਵੋਟਿੰਗ ਉਪਕਰਣਾਂ ਦੀ ਪਹੁੰਚਯੋਗਤਾ, ਬੈਲਟ ਡ੍ਰੌਪ-ਬੌਕਸ ਸੰਬੰਧੀ ਜਾਣਕਾਰੀ, ਅਤੇ ਇਲੈਕਟ੍ਰੋਨਿਕ ਮਾਧਿਅਮ ਰਾਹੀਂ ਪਹੁੰਚਯੋਗ ਡਾਕ ਰਾਹੀਂ ਵੋਟ ਬੈਲਟ ਪ੍ਰਾਪਤ ਕਰਨ ਵਰਗੇ ਵਿਸ਼ੇ ਸ਼ਾਮਲ ਹੋਣਗੇ, ਪਰ ਇਹਨਾਂ ਤੱਕ ਸੀਮਤ ਨਹੀਂ ਹੋਣਗੇ। ਵਰਕਸ਼ਾਪਾਂ ਲਈ ਥਾਵਾਂ ਅਤੇ ਤਾਰੀਖ਼ਾਂ ਚੁਣਨ ਲਈ ROV ਵੱਲੋਂ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (VAAC) ਦੇ ਮੈਂਬਰਾਂ ਵੱਲੋਂ ਪ੍ਰਦਾਨ ਕੀਤੇ ਵਿਚਾਰਾਂ ਦੀ ਵਰਤੋਂ ਕੀਤੀ ਜਾਵੇਗੀ। ਹਾਲ ਹੀ ਵਿੱਚ ROV ਵੱਲੋਂ ਨੇਤਰਹੀਣ ਅਤੇ ਦ੍ਰਿਸ਼ਟੀਹੀਣ ਲਈ ਵਿਸਟਾ ਸੈਂਟਰ ਵਾਸਤੇ ਇੱਕ ਵਰਕਸ਼ਾਪ ਦਾ ਸੰਚਾਲਨ ਕੀਤਾ ਗਿਆ ਸੀ ਅਤੇ ਇਸ ਲਿਖਤ ਦੇ ਪੂਰਾ ਹੋਣ ਵੇਲੇ, Silicon Valley ਇੰਡੀਪੈਨਡੈਂਟ ਲਿਵਿੰਗ ਸੈਂਟਰ, San Andreas ਖੇਤਰੀ ਕੇਂਦਰ ਅਤੇ ਵਿਕਾਸ ਸੰਬੰਧੀ ਅਸਮਰੱਥਾਵਾਂ ਦੀ ਰਾਜ ਕੌਂਸਲ ਦੇ ਨਾਲ ਮਿਲ ਕੇ ਵਰਕਸ਼ਾਪਾਂ ਕਰਵਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ।

## ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਸਿਖਲਾਈ ਦੇਣ ਲਈ ਵਰਤੀ ਜਾਂਦੀ ਡ੍ਰਾਫ਼ਟ ਸਮੱਗਰੀ

ROV ਵੱਲੋਂ ਆਡੀਓ, ਦ੍ਰਿਸ਼ਟੀਗਤ, ਅਤੇ ਲਿਖਤੀ ਸਮੱਗਰੀ ਤਿਆਰ ਕੀਤੀ ਜਾ ਰਹੀ ਹੈ ਜਿਸ ਦੀ ਵਰਤੋਂ ਜਾਣਕਾਰੀ ਦੇ ਪ੍ਰਸਾਰਨ ਲਈ ਕੀਤੀ ਜਾਵੇਗੀ; ਅਤੇ VAAC ਦੀਆਂ ਮੀਟਿੰਗਾਂ ਤੋਂ ਇਕੱਤਰ ਕੀਤੀ ਗਈ ਜਾਣਕਾਰੀ ਇਹਨਾਂ ਸਮੱਗਰੀਆਂ ਨੂੰ ਬਣਾਉਣ ਦੇ ਵਿੱਚ ਇਸਤੇਮਾਲ ਕੀਤੀ ਜਾਵੇਗੀ। ਇਸ ਸਮੱਗਰੀ ਨੂੰ ROV ਦੀ ਵੈੱਬਸਾਈਟ ‘ਤੇ ਸਰੋਤਾਂ ਵਜੋਂ ਵੀ ਉਪਲਬਧ ਕਰਵਾਇਆ ਜਾਵੇਗਾ।

VCA ਦੇ ਪ੍ਰਚਾਰ ਜਾਂ ਸਿਖਲਾਈ ਵਿੱਚ ਵਰਤੇ ਗਏ ਕਿਸੀ ਵੀ ਵੀਡੀਓ ਲਈ, ਸੁਰਖੀਆਂ ਉਪਲਬਧ ਕਰਵਾਈਆਂ ਜਾਣਗੀਆਂ। ਉਦਾਹਰਨਾਂ ਵਿੱਚ ROV ਦੀ ਵੈੱਬਸਾਈਟ ‘ਤੇ ਪੋਸਟ ਕੀਤਾ VCA ਦਾ ਪ੍ਰਚਾਰ ਵੀਡੀਓ ਅਤੇ EAP ਦੀਆਂ ਜਨਤਕ ਸੁਣਵਾਈਆਂ ਸ਼ਾਮਲ ਹਨ ਜਿਨ੍ਹਾਂ ਨੂੰ ਔਨਲਾਈਨ ਸਟ੍ਰੀਮ ਕੀਤਾ ਜਾਂਦਾ ਹੈ (ਅਤੇ ਅੱਪਲੋਡ ਕੀਤਾ ਜਾਂਦਾ ਹੈ)। ਇਸ ਤੋਂ ਇਲਾਵਾ, ROV ਵੱਲੋਂ VCA ਦੇ ਜਾਣਕਾਰੀ ਪ੍ਰਦਾਨ ਕਰਨ ਵਾਲੇ ਲੀਫ਼ਲੈੱਟ ਦੀ ਬਰੇਲ ਲਿਖਤ ਵਿੱਚ ਪ੍ਰਤੀਲਿਪੀ ਬਣਾਈ ਜਾ ਰਹੀ ਹੈ।

## ਚੋਣ ਅਧਿਕਾਰੀ

2020 ਦੀਆਂ ਮੁਢਲੀਆਂ ਚੋਣਾਂ ਦੀ ਤਿਆਰੀ ਕਰਨ ਦੇ ਉਦੇਸ਼ ਨਾਲ, ROV ਵੱਲੋਂ ਖਾਸ ਤੌਰ ‘ਤੇ ਚੋਣ ਅਧਿਕਾਰੀਆਂ ਲਈ ਸਿਖਲਾਈ ਸਮੱਗਰੀ ਤਿਆਰ ਕੀਤੀ ਜਾ ਰਹੀ ਹੈ। ਕੁਝ ਸਿਖਲਾਈ ਸਮੱਗਰੀ ਅਸਮਰਥਤਾਵਾਂ ਵਾਲੇ ਵੋਟਰਾਂ ਦੀ ਸ਼ਮੂਲੀਅਤ ਦੇ ਸੱਭਿਆਚਾਰਕ ਤੌਰ ‘ਤੇ ਸੰਵੇਦਨਸ਼ੀਲ ਪੱਖ ‘ਤੇ ਫੋਕਸ ਕਰੇਗੀ। ਬਾਕੀ ਸਿਖਲਾਈ ਸਮੱਗਰੀ ਚੋਣ ਅਧਿਕਾਰੀਆਂ ਦੀ ਤਕਨੀਕੀ ਪੱਖੋਂ ਸਹਾਇਤਾ ਕਰੇਗੀ ਜਿਸ ਵਿੱਚ ਵੱਖੋ-ਵੱਖ ਸੁਣਨ ਅਤੇ/ਜਾਂ ਦੇਖਣ ਵਿੱਚ ਸਹਾਇਤਾ ਕਰਨ ਵਾਲੀਆਂ ਡਿਵਾਈਸਾਂ ਨੂੰ ਚਲਾਉਣ ਅਤੇ ਕਨੈਕਟ ਕਰਨ ਦੀ ਸਿਖਲਾਈ ਸ਼ਾਮਲ ਹੋਵੇਗੀ ਜੋ ਅਸਮਰਥਤਾਵਾਂ ਵਾਲੇ ਵੋਟਰ ਵੋਟ ਕੇਂਦਰਾਂ ‘ਤੇ ਆਪਣੇ ਨਾਲ ਲੈ ਕੇ ਆ ਸਕਦੇ ਹਨ ਅਤੇ ਹੋ ਸਕਦਾ ਹੈ ਕਿ ਉਹਨਾਂ ਨੂੰ ਇਸਦੀ ਲੋੜ ਪਵੇ। ਵਿਭਿੰਨਤਾ ਨੂੰ ਦਰਸਾਉਂਦਾ ਇੱਕ ਵੀਡੀਓ ਸਿਖਲਾਈ ਸਮੇਂ ਚੋਣ ਅਧਿਕਾਰੀਆਂ ਨੂੰ ਪ੍ਰਦਾਨ ਕੀਤਾ ਜਾਵੇਗਾ, ਤਾਂ ਕਿ ਉਹ ਇਹ ਸਮਝ

ਸਕਣ ਕਿ ਹਰ ਇੱਕ ਵਿਅਕਤੀ ਨੂੰ, ਚਾਹੇ ਉਹ ਅਸਮਰੱਥ ਹੋਵੇ ਜਾਂ ਨਾ, ਸਤਿਕਾਰ ਸਹਿਤ ਸੇਵਾਵਾਂ ਪ੍ਰਦਾਨ ਕਿਵੇਂ ਕਰਨੀਆਂ ਹਨ। ਹੋਰ ਸਿਖਲਾਈਆਂ ਵਿੱਚ ਵੋਟ ਕੇਂਦਰ ਨੂੰ ਅਸਮਰਥਤਾਵਾਂ ਵਾਲੇ ਵੋਟਰਾਂ ਵਾਸਤੇ ਕਿਵੇਂ ਸੈੱਟ ਕਰਨਾ ਹੈ, ਇਹ ਸ਼ਾਮਲ ਹੈ। ਸਾਰੇ ਚੋਣ ਅਧਿਕਾਰੀ ਇੱਕ ਸਹੁੰ ਚੁੱਕਦੇ ਹਨ ਕਿ ਉਹ ਸਾਰੇ ਵੋਟਰਾਂ ਦੀ ਵਿਭਿੰਨਤਾ ਪ੍ਰਤੀ ਆਪਣੀ ਵਚਨਬੱਧਤਾ ਨੂੰ ਪੂਰਾ ਕਰਦੇ ਹੋਏ ਹਰੇਕ ਵੋਟਰ ਦੇ ਨਿਵੇਕਲੇਪਣ ਪ੍ਰਤੀ ਸੰਵੇਦਨਸ਼ੀਲ ਅਤੇ ਸਤਿਕਾਰਸੂਚਕ ਹੋਣਗੇ। ਚੋਣ ਅਧਿਕਾਰੀ ਵਿਸ਼ਵਾਸ ਦਵਾਉਂਦੇ ਹਨ ਕਿ ਉਹ ਸਾਰੇ ਵੋਟਰਾਂ ਨੂੰ ਸਵੀਕਾਰਤ, ਸਤਿਕਾਰਤ ਅਤੇ ਵੱਡਮੁੱਲਾ ਮਹਿਸੂਸ ਕਰਵਾਉਣਗੇ।

## <u>ਸੈਕਸ਼ਨ 4: ਵੋਟ ਕੇਂਦਰ ਅਤੇ ਬੈਲਟ ਡ੍ਰੌਪ-ਔਫ਼ ਟਿਕਾਣਾ ਜਾਣਕਾਰੀ</u>

### ਵੋਟ ਕੇਂਦਰ ਟਿਕਾਣੇ

California ਦੇ ਚੋਣ ਕੋਡ ਅਨੁਸਾਰ ਕਾਊਂਟੀਆਂ ਨੂੰ ਆਪਣੇ ਵੋਟ ਕੇਂਦਰ ਦੋ ਆਰੰਭਿਕ ਵੋਟਿੰਗ ਮਿਆਦਾਂ ਲਈ ਖੋਲ੍ਹਣ ਦੀ ਲੋੜ ਹੈ। ਪਹਿਲੀ ਆਰੰਭਿਕ ਵੋਟਿੰਗ ਮਿਆਦ ਦੇ ਅਨੁਸਾਰ ਵੋਟ ਕੇਂਦਰਾਂ ਨੂੰ ਚੋਣਾਂ ਵਾਲੇ ਦਿਨ ਤੋਂ ਦਸ (10) ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਨੂੰ ਮਿਲਾ ਕੇ, ਕੁੱਲ ਗਿਆਰਾਂ (11) ਦਿਨਾਂ ਲਈ ਖੋਲ੍ਹਣ ਦੀ ਲੋੜ ਹੈ। ਇਹ ਗਣਨਾ ਹਰ 50,000 ਰਜਿਸਟਰਡ ਕਾਉਂਟੀ ਵੋਟਰਾਂ ਪਿੱਛੇ ਇੱਕ ਵੋਟ ਕੇਂਦਰ ਹੋਣ ‘ਤੇ ਆਧਾਰਿਤ ਹੈ। ਦੂਜੀ ਆਰੰਭਿਕ ਵੋਟਿੰਗ ਮਿਆਦ ਦੇ ਅਨੁਸਾਰ ਵੋਟ ਕੇਂਦਰਾਂ ਨੂੰ ਚੋਣਾਂ ਵਾਲੇ ਦਿਨ ਤੋਂ ਤਿੰਨ (3) ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਨੂੰ ਮਿਲਾ ਕੇ, ਕੁੱਲ ਚਾਰ (4) ਦਿਨਾਂ ਲਈ ਖੋਲ੍ਹਣ ਦੀ ਲੋੜ ਹੈ। ਇਹ ਗਣਨਾ ਹਰ 10,000 ਰਜਿਸਟਰਡ ਕਾਉਂਟੀ ਵੋਟਰਾਂ ਪਿੱਛੇ ਇੱਕ ਵੋਟ ਕੇਂਦਰ ਹੋਣ ‘ਤੇ ਆਧਾਰਿਤ ਹੈ।

ਵੋਟਰਾਂ ਦਾ ਰਜਿਸਟਰਾਰ (ROV) ਮੌਜੂਦਾ ਤੌਰ ‘ਤੇ ਕੁੱਲ ਮਿਲਾ ਕੇ ਇੱਕ ਸੌ ਦਸ (110) ਵੋਟ ਕੇਂਦਰ ਦੇ ਟਿਕਾਣਿਆਂ ਵਿੱਚੋਂ ਲਗਭਗ ਬਾਈ (22) ਵੋਟ ਕੇਂਦਰਾਂ ਨੂੰ ਗਿਆਰਾਂ (11) ਦਿਨਾਂ ਲਈ ਅਤੇ ਅਠਾਸੀ (88) ਵੋਟ ਕੇਂਦਰਾਂ ਨੂੰ ਚਾਰ (4) ਦਿਨਾਂ ਲਈ ਖੋਲ੍ਹਣ ਵਾਸਤੇ ਕੰਮ ਕਰ ਰਿਹਾ ਹੈ। ਕੁਝ ਵੋਟ ਕੇਂਦਰਾਂ ਦੇ ਕੰਮਕਾਜੀ ਘੰਟੇ ਅਨਿਯਮਿਤ ਸਮਾਂ-ਸੂਚੀਆਂ ਵਾਲੇ ਵਿਅਕਤੀਆਂ ਲਈ ਜਾਂ ਵਿਅਕਤੀਗਤ ਟਿਕਾਣਿਆਂ ਦੀ ਉਪਲਬਧਤਾ ਦੇ ਕਾਰਨ ਵਿਵਸਥਿਤ ਕੀਤੇ ਜਾ ਸਕਦੇ ਹਨ। ਪ੍ਰਕਾਸ਼ਨ ਦੇ ਸਮੇਂ, ਟਿਕਾਣਿਆਂ ਦੀ ਕਾਫ਼ੀ ਸਾਰੀ ਗਿਣਤੀ ਨੇ ਆਪਣੀ ਉਪਲਬਧਤਾ ਦੀ ਤਸਦੀਕ ਕਰ ਦਿੱਤੀ ਸੀ, ਪਰ ਵੋਟ ਕੇਂਦਰ ਟਿਕਾਣਿਆਂ ਦੀ ਚੋਣ ਨੂੰ ਉਦੋਂ ਹੀ ਅੰਤਿਮ ਰੂਪ ਦਿੱਤਾ ਜਾਵੇਗਾ ਜਦੋਂ ਜਨਤਕ ਵਿਚਾਰਾਂ ਅਤੇ ROV ਦੀਆਂ ਤਰਜੀਹਾਂ ਦਾ ਵਿਸ਼ਲੇਸ਼ਣ ਪੂਰਾ ਹੋ ਜਾਵੇਗਾ। ਮਾਰਚ 2020 ਦੀਆਂ ਮੁਢਲੀਆਂ ਰਾਸ਼ਟਰਪਤੀ ਚੋਣਾਂ ਲਈ ਪ੍ਰਸਤਾਵਿਤ ਰਜਿਸਟਰਡ ਵੋਟਰਾਂ ਦੀ ਗਿਣਤੀ ਦੇ ਆਧਾਰ ‘ਤੇ, ROV ਕੋਲ 2020 ਦੀਆਂ ਮੁਢਲੀਆਂ ਅਤੇ ਆਮ ਚੋਣਾਂ ਲਈ ਘੱਟੋ-ਘੱਟ 100 ਵੋਟ ਕੇਂਦਰ ਹੋਣੇ ਚਾਹੀਦੇ ਹਨ। ਕਾਉਂਟੀ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਪੂਰਾ ਕਰਨ ਲਈ, ROV ਵੱਲੋਂ ਲਗਭਗ 110 ਵੋਟ ਕੇਂਦਰ ਸਥਾਪਤ ਕਰਨ ਦਾ ਪ੍ਰਸਤਾਵ ਦਿੱਤਾ ਜਾ ਰਿਹਾ ਹੈ, VCA ਵੱਲੋਂ ਲੋੜੀਂਦੇ ਵੋਟ ਕੇਂਦਰਾਂ ਨਾਲੋਂ ਦਸ ਕੇਂਦਰ ਜ਼ਿਆਦਾ। ਵੋਟ ਕੇਂਦਰਾਂ ਦੀ ਵੰਡ ਹੇਠਾਂ ਦਿੱਤੇ ਅਨੁਸਾਰ ਹੈ:

| ਵੋਟ ਕੇਂਦਰਾਂ ਦੀ ਅਨੁਮਾਨਿਤ ਗਿਣਤੀ | | | |
|---|---|---|---|
| **ਸਰਹੱਦ ਦੀ ਸ਼੍ਰੇਣੀ** | **ਘੱਟੋ-ਘੱਟ ਲੋੜਾਂ[24]** | **ਸੁਝਾਈ ਗਈ[25] ਗਿਣਤੀ** | **ਅੰਤਿਮ ਗਿਣਤੀ[26]** |
| 11-ਦਿਨਾਂ ਦੇ ਵੋਟ ਕੇਂਦਰ (ਹਰ 50,000 ਰਜਿਸਟਰਡ ਵੋਟਰਾਂ ਪਿੱਛੇ 1) | 20 | 22 | ਅਜੇ ਫੈਸਲਾ ਕਰਨਾ ਹੈ |
| 4-ਦਿਨਾਂ ਦੇ ਵੋਟ ਕੇਂਦਰ (ਹਰ 10,000 ਰਜਿਸਟਰਡ ਵੋਟਰਾਂ ਪਿੱਛੇ 1) | 80 | 88 | ਅਜੇ ਫੈਸਲਾ ਕਰਨਾ ਹੈ |
| **ਕੁੱਲ** | **100** | **110** | **ਅਜੇ ਫੈਸਲਾ ਕਰਨਾ ਹੈ** |

ਅੰਤਕਾ E ਵਿੱਚ ਉਹ ਨਕਸ਼ੇ ਹਨ ਜੋ 50,000 ਅਤੇ 10,000-ਵੋਟਰ ਸੀਮਾਵਾਂ ਨੂੰ ਦਿਖਾਉਂਦੇ ਹਨ ਅਤੇ ਇਹਨਾਂ ਦੀ ਵਰਤੋਂ ਸੰਭਾਵੀ ਵੋਟ ਕੇਂਦਰ ਟਿਕਾਣੇ ਪਛਾਣਨ ਲਈ ਕੀਤੀ ਜਾਂਦੀ ਹੈ। ਮੌਜੂਦਾ ਸੂਚੀ ਅਤੇ ਪ੍ਰਸਤਾਵਿਤ ਵੋਟ ਕੇਂਦਰ ਟਿਕਾਣਿਆਂ ਦੇ ਨਕਸ਼ੇ ਅਤੇ ਕੰਮਕਾਜੀ ਘੰਟਿਆਂ ਲਈ, ਅੰਤਕਾ F ਦੇਖੋ।

## ਬੈਲਟ ਡ੍ਰੌਪ-ਔਫ਼ ਟਿਕਾਣੇ

ਵੋਟਰਾਂ ਦੇ ਰਜਿਸਟਰਾਰ (ROV) ਦੀ ਯੋਜਨਾ 91 ਬੈਲਟ ਡ੍ਰੌਪ-ਔਫ਼ ਟਿਕਾਣੇ ਚਲਾਉਣ ਦੀ ਹੈ। ਮਾਰਚ 2020 ਦੀਆਂ ਮੁਢਲੀਆਂ ਰਾਸ਼ਟਰਪਤੀ ਚੋਣਾਂ ਲਈ ਪ੍ਰਸਤਾਵਿਤ ਰਜਿਸਟਰਡ ਵੋਟਰਾਂ ਦੀ ਗਿਣਤੀ ਦੇ ਆਧਾਰ ‘ਤੇ, ROV ਕੋਲ 2020 ਦੀਆਂ ਮੁਢਲੀਆਂ ਅਤੇ ਆਮ ਚੋਣਾਂ ਲਈ ਘੱਟੋ-ਘੱਟ 67 ਬੈਲਟ ਡ੍ਰੌਪ-ਔਫ਼ ਟਿਕਾਣੇ ਹੋਣੇ ਚਾਹੀਦੇ ਹਨ। ਕਾਉਂਟੀ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਪੂਰਾ ਕਰਨ ਲਈ, ਪ੍ਰਸਤਾਵਿਤ ਗਿਣਤੀ ਕਾਉਂਟੀ ਦੇ ਹਰੇਕ ਡਿਸਟ੍ਰਿਕਟ ਵਿੱਚ ਘੱਟੋ-ਘੱਟ ਇੱਕ ਡ੍ਰੌਪ-ਔਫ਼ ਟਿਕਾਣਾ ਹੋਣ ਦੇ ਆਧਾਰ ‘ਤੇ ਹੈ। ਮੌਜੂਦਾ ਸੂਚੀ ਅਤੇ ਪ੍ਰਸਤਾਵਿਤ ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੇ ਨਕਸ਼ਿਆਂ ਲਈ, ਅੰਤਕਾ D ਦੇਖੋ।

| ਬੈਲਟ ਡ੍ਰੌਪ-ਔਫ਼ ਟਿਕਾਣਿਆਂ ਦੀ ਅਨੁਮਾਨਿਤ ਗਿਣਤੀ | | | |
|---|---|---|---|
| **ਸਰਹੱਦ ਦੀ ਸ਼੍ਰੇਣੀ** | **ਘੱਟੋ-ਘੱਟ ਲੋੜਾਂ** | **ਪ੍ਰਸਤਾਵਿਤ [27]ਗਿਣਤੀ** | **ਅੰਤਿਮ ਗਿਣਤੀ** |
| ਬੈਲਟ ਡ੍ਰੌਪ-ਔਫ਼ ਟਿਕਾਣੇ (ਹਰ 15,000 ਰਜਿਸਟਰਡ ਵੋਟਰਾਂ ਲਈ 1) | 67 | 91 | ਅਜੇ ਫੈਸਲਾ ਕਰਨਾ ਹੈ |

[24] ਵੋਟ ਕੇਂਦਰਾਂ ਦੀ ਘੱਟੋ-ਘੱਟ ਲੋੜੀਂਦੀ ਗਿਣਤੀ Santa Clara ਕਾਉਂਟੀ ਦੀ ਮਾਰਚ 2020 ਦੀਆਂ ਮੁਢਲੀਆਂ ਚੋਣਾਂ ਲਈ ਵੋਟਰਾਂ ਦੀ ਪ੍ਰਸਤਾਵਿਤ ਗਿਣਤੀ 'ਤੇ ਆਧਾਰਿਤ ਹੈ।

[25] ROV ਵੱਲੋਂ ਡ੍ਰਾਫ਼ਟ ਕੀਤੀਆਂ ਗਈਆਂ ਸਰਹੱਦਾਂ ਜਨਸੰਖਿਆ ਦੀ ਅਨੁਮਾਨਿਤ ਗਿਣਤੀ ‘ਤੇ ਆਧਾਰਿਤ ਹਨ ਅਤੇ ਇਹਨਾਂ ਦਾ ਉਦੇਸ਼ ਮਾਰਗ-ਦਰਸ਼ਨ ਕਰਨਾ ਹੈ। VCA ਵੱਲੋਂ ਸੈੱਟ ਕੀਤੀ ਗਿਣਤੀ “50,000 ਤੱਕ” ਵੋਟਰਾਂ ਨੂੰ ਸੰਭਾਲਣ ਦੇ ਹਿਸਾਬ ਨਾਲ ਹੈ; ਜਿਸਦਾ ਮਤਲਬ ਹੈ ਕਿ ਹਰੇਕ ਸਰਹੱਦ ਦੇ ਵੋਟਰਾਂ ਦੀ ਪ੍ਰਸਤਾਵਿਤ ਗਿਣਤੀ ਦਾ ਜੋੜ VCA ਵੱਲੋਂ ਪਰਿਭਾਸ਼ਿਤ ਕੀਤੀ ਮਾਤਰਾ ਦੇ ਹਮੇਸ਼ਾਂ ਬਰਾਬਰ ਨਹੀਂ ਹੋਵੇਗਾ।

[26] ਇਹ ਗਿਣਤੀ ਪ੍ਰਕਾਸ਼ਨ ਦੇ ਸਮੇਂ 'ਤੇ ਅੰਤਿਮ ਰੂਪ ਦਿੱਤੀ ਗਈ ਗਿਣਤੀ ਨੂੰ ਦਰਸਾਉਂਦੀ ਹੈ।

[27] ROV ਵੱਲੋਂ ਡ੍ਰਾਫ਼ਟ ਕੀਤੀਆਂ ਗਈਆਂ ਸਰਹੱਦਾਂ ਜਨਸੰਖਿਆ ਦੀ ਅਨੁਮਾਨਿਤ ਗਿਣਤੀ ‘ਤੇ ਆਧਾਰਿਤ ਹਨ ਅਤੇ ਇਹਨਾਂ ਦਾ ਉਦੇਸ਼ ਮਾਰਗ-ਦਰਸ਼ਨ ਕਰਨਾ ਹੈ। VCA ਵੱਲੋਂ ਸੈੱਟ ਕੀਤੀ ਗਿਣਤੀ “15,000 ਤੱਕ” ਵੋਟਰਾਂ ਨੂੰ ਸੰਭਾਲਣ ਦੇ ਹਿਸਾਬ ਨਾਲ ਹੈ; ਜਿਸਦਾ ਮਤਲਬ ਹੈ ਕਿ ਹਰੇਕ ਸਰਹੱਦ ਦੇ ਵੋਟਰਾਂ ਦੀ ਪ੍ਰਸਤਾਵਿਤ ਗਿਣਤੀ ਦਾ ਜੋੜ VCA ਵੱਲੋਂ ਪਰਿਭਾਸ਼ਿਤ ਕੀਤੀ ਮਾਤਰਾ ਦੇ ਹਮੇਸ਼ਾਂ ਬਰਾਬਰ ਨਹੀਂ ਹੋਵੇਗਾ।

## ਰੋਕਥਾਮ ਸੰਬੰਧੀ ਉਪਾਅ

ਚੋਣਾਂ ਤੋਂ ਪਹਿਲਾਂ ਜਾਂ ਚੋਣ ਦੇ ਦੌਰਾਨ, ਵੋਟਿੰਗ ਪ੍ਰਕਿਰਿਆ ਵਿੱਚ ਪੈ ਸਕਣ ਵਾਲੇ ਕਿਸੇ ਵੀ ਤਰ੍ਹਾਂ ਦੇ ਵਿਘਨ ਦੀ ਰੋਕਥਾਮ ਲਈ, ROV ਵੱਲੋਂ ਹੇਠਾਂ ਦਿੱਤੇ ਰੋਕਥਾਮ ਸੰਬੰਧੀ ਸੁਰੱਖਿਆ ਉਪਾਅ ਕੀਤੇ ਜਾ ਰਹੇ ਹਨ:

| ਰੋਕਥਾਮ ਸੰਬੰਧੀ ਸੁਰੱਖਿਆ ਉਪਾਅ | ਉਦੇਸ਼ |
|---|---|
| ਸਧਾਰਨ ਸੁਰੱਖਿਆ ਉਪਾਅ | ਚੋਣਾਂ ਨਾਲ ਸੰਬੰਧਿਤ ਸਮੱਗਰੀ ਅਤੇ ਉਪਕਰਣਾਂ ਤੱਕ ਪਹੁੰਚ ਨੂੰ ਸੀਮਤ ਕਰਨ ਲਈ ਅਤੇ ਆਖਰਕਾਰ ਕਿਸੇ ਵੀ ਤਰ੍ਹਾਂ ਦੇ ਸੰਭਾਵੀ ਵਿਘਨ ਨੂੰ ਰੋਕਣ ਲਈ। |
| ਸਰਵਰ ਅਤੇ ਨੈੱਟਵਰਕ ਬੈਕਅੱਪ | ਮੁੱਖ ਸਰਵਰ ਜਾਂ ਨੈੱਟਵਰਕ ਦੇ ਬੰਦ ਹੋ ਜਾਣ ‘ਤੇ ਜਾਣਕਾਰੀ ਸੰਚਾਰ ਵਿੱਚ ਰੁਕਾਵਟ ਪੈਣ ਤੋਂ ਬਚਣ ਲਈ। |
| ਪੋਲਿੰਗ ਸਾਈਟ ਉਪਕਰਣਾਂ ਦਾ ਬੈਕਅੱਪ ਸੈੱਟ | ਕਿਸੇ ਵੀ ਉਪਕਰਣ ਦੇ ਨਾ-ਵਰਤਣਯੋਗ ਹੋ ਜਾਣ ਦੇ ਮਾਮਲੇ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਤੋਂ ਬਚਣ ਲਈ। |
| ਬੈਕਅੱਪ ਉਪਕਰਣ | ਕਿਸੇ ਵੀ ਉਪਕਰਣ ਦੇ ਗੁੰਮ ਹੋ ਜਾਣ ਦੇ ਮਾਮਲੇ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਤੋਂ ਬਚਣ ਲਈ। |
| ਬੈਕਅੱਪ ਵੋਟਿੰਗ ਸਮਾਨ | ਕਿਸੇ ਵੀ ਸਮਾਨ ਦੇ ਗੁੰਮ ਹੋ ਜਾਣ ਜਾਂ ਨਾ-ਵਰਤਣਯੋਗ ਹੋਣ ਜਾਣ ਦੇ ਮਾਮਲੇ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਤੋਂ ਬਚਣ ਲਈ। |
| ਵੋਟ ਕੇਂਦਰ ਦੇ ਸਟੈਂਡਬਾਈ ਕਰਮਚਾਰੀ | ਕਿਸੇ ਵੀ ਵੋਟ ਕੇਂਦਰ ਕਰਮਚਾਰੀ ਦੇ ਗੈਰ ਹਾਜ਼ਰ ਹੋਣ ਦੇ ਮਾਮਲੇ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਤੋਂ ਬਚਣ ਲਈ। |
| ਸ਼ੱਕੀ ਵਿਅਕਤੀ ਜਾਂ ਵਸਤੂਆਂ ਸੰਬੰਧੀ ਵਿਧੀਆਂ | ਕਿਸੇ ਸ਼ੱਕੀ ਵਿਅਕਤੀ ਜਾਂ ਵਸਤੂ ਦੇ ਦਿਸਣ ‘ਤੇ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਪੈਣ ਨੂੰ ਰੋਕਣ ਲਈ। |
| ਹੱਥੀਂ ਚੱਲਣ ਵਾਲੇ ਸਿਸਟਮਾਂ ਦੀ ਮੌਜੂਦਗੀ | ਜੇ ਕੋਈ ਇਲੈਕਟ੍ਰੋਨਿਕ ਵੋਟਿੰਗ ਉਪਕਰਣ ਵਰਤੋਂ ਯੋਗ ਨਹੀਂ ਰਹਿੰਦਾ ਹੈ ਤਾਂ ਵੋਟਿੰਗ ਪ੍ਰਕਿਰਿਆ ਵਿੱਚ ਵਿਘਨ ਨੂੰ ਰੋਕਣ ਲਈ। |

ਉੱਪਰ ਦਿੱਤੇ ਰੋਕਥਾਮ ਸੰਬੰਧੀ ਸੁਰੱਖਿਆ ਉਪਾਵਾਂ ਦੀ ਵੇਰਵੇ ਸਹਿਤ ਜਾਣਕਾਰੀ ਲਈ, ਕਿਰਪਾ ਕਰਕੇ ਅੰਤਕਾ N ਦੇਖੋ।

## ਅਚਨਚੇਤਤਾ ਸੰਬੰਧੀ ਯੋਜਨਾ (ਬੈਕਅੱਪ ਪਲਾਨ)

ROV ਵੱਲੋਂ ਇੱਕ ਨਿਰਵਿਘਨ ਚੋਣ ਪ੍ਰਕਿਰਿਆ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ, ਪਰ ਫਿਰ ਵੀ ਜੇ ਕੋਈ ਰੁਕਾਵਟ ਆ ਜਾਂਦੀ ਹੈ, ਤਾਂ ROV ਕੋਲ ਸੁਰੱਖਿਆ ਉਪਾਅ ਮੌਜੂਦ ਹਨ ਤਾਂ ਕਿ ਰੁਕਾਵਟ ਆਉਣ ਦੇ ਬਾਵਜੂਦ ਵੀ ਕੰਮ ਠੀਕ ਤਰੀਕੇ ਨਾਲ ਚੱਲਦਾ ਰਹੇ। ROV ਵੱਲੋਂ ਕਈ ਸੰਭਾਵੀ ਰੁਕਾਵਟਾਂ ਦੀ ਪਛਾਣ ਕੀਤੀ ਗਈ ਹੈ:

- ਚੋਣ ਜਾਣਕਾਰੀ ਪ੍ਰਬੰਧਨ ਪ੍ਰਣਾਲੀ ਦਾ ਠੱਪ ਹੋ ਜਾਣਾ
- ਬਿਜਲੀ ਦਾ ਬੰਦ ਹੋ ਜਾਣਾ
- ਖ਼ਰਾਬ ਮੌਸਮ

- ਅੱਗ ਲੱਗਣਾ ਜਾਂ ਕੋਈ ਹੋਰ ਬਿਪਤਾ
- ਵੋਟਿੰਗ ਉਪਕਰਣ ਦਾ ਖ਼ਰਾਬ ਹੋ ਜਾਣਾ
- ਮੰਗ ਕਰਨ 'ਤੇ ਬੈਲਟ ਵਾਲੀ ਮਸ਼ੀਨ ਦਾ ਕੰਮ ਕਰਨਾ ਬੰਦ ਕਰ ਦੇਣਾ
- ਇੰਟਰਨੈੱਟ ਕਨੈਕਸ਼ਨ ਦਾ ਅਸਫ਼ਲ ਹੋ ਜਾਣਾ
- ਵੋਟ ਕੇਂਦਰ ਕਰਮਚਾਰੀਆਂ ਦਾ ਗੈਰ ਹਾਜਰ ਹੋਣਾ
- ਨਾ-ਵਰਤੋਂ ਯੋਗ ਵੋਟ ਕੇਂਦਰ

ਇਹਨਾਂ ਰੁਕਾਵਟਾਂ ਦੇ ਵੰਡ ਸਹਿਤ ਵੇਰਵਿਆਂ, ROV ਦੇ ਇਹਨਾਂ ਸੰਬੰਧੀ ਹੱਲਾਂ, ਅਤੇ ROV ਦੇ ਵਧੇਰੇ ਅਚਨਚੇਤਤਾ ਸੰਬੰਧੀ ਉਪਾਵਾਂ ਲਈ, ਅੰਤਕਾ O ਦੇਖੋ।

## ਸੈਕਸ਼ਨ 5: ਵੋਟ ਕੇਂਦਰ ਬੈਲਟ ਸੁਰੱਖਿਆ ਅਤੇ ਪਰਦੇਦਾਰੀ ਯੋਜਨਾਵਾਂ

### ਵੋਟ ਕੇਂਦਰ ਦਾ ਡਿਜ਼ਾਈਨ ਅਤੇ ਖਾਕਾ

ਇੱਕ ਆਦਰਸ਼ ਵੋਟ ਕੇਂਦਰ ਦਾ ਆਕਾਰ ਘੱਟੋ-ਘੱਟ 60'x60' ਹੋਣਾ ਚਾਹੀਦਾ ਹੈ, ਤਾਂ ਕਿ ਨਿੱਜੀ ਵੋਟ ਖੇਤਰਾਂ ਲਈ ਖੁੱਲ੍ਹੀ ਨਿਰਧਾਰਿਤ ਜਗ੍ਹਾ ਪ੍ਰਦਾਨ ਕਰਦੇ ਹੋਏ ਆਉਣ ਜਾਣ ਲਈ ਵੀ ਸੁਯੋਗ ਰਸਤਾ ਪ੍ਰਦਾਨ ਕੀਤਾ ਜਾ ਸਕੇ। ਵੋਟ ਕੇਂਦਰ ਵਿੱਚ ਮਨੋਨੀਤ ਕੀਤਾ ਇੱਕ ਕਤਾਰ ਸਿਸਟਮ ਹੋਵੇਗਾ ਜੋ ਵੋਟਰਾਂ ਨੂੰ ਢੁਕਵੇਂ ਸਟਾਫ਼ ਕੋਲ ਭੇਜੇਗਾ, ਵੋਟਰਾਂ ਦੀ ਨਵੀਂ ਇਲੈਕਟ੍ਰੋਨਿਕ ਪੋਲਬੁੱਕ 'ਤੇ ਪ੍ਰਕਿਰਿਆ ਕਰਨ ਲਈ ਇੱਕ ਸਾਈਨ-ਇਨ ਟੇਬਲ ਹੋਵੇਗਾ, ਮੰਗ ਕਰਨ 'ਤੇ ਬੈਲਟ ਲਈ ਪ੍ਰਿੰਟਰ ਖੇਤਰ ਹੋਵੇਗਾ ਜਿੱਥੇ ਬੈਲਟ ਪ੍ਰਿੰਟ ਕੀਤੇ ਜਾਣਗੇ, ਅਤੇ ਵੋਟਿੰਗ ਬੂਥ ਅਤੇ ਬੈਲਟ 'ਤੇ ਨਿਸ਼ਾਨ ਲਗਾਉਣ ਵਾਲੇ ਡਿਵਾਈਸ ਦਾ ਖੇਤਰ ਹੋਵੇਗਾ। ਅੰਤਕਾ P ਵਿੱਚ ਤੁਸੀਂ ਇੱਕ ਆਮ ਖਾਕਾ ਡਿਜ਼ਾਈਨ ਦੇਖ ਸਕਦੇ ਹੋ ਜਿਸਨੂੰ ਇੱਕ ਗਾਈਡ ਦੇ ਤੌਰ 'ਤੇ ਵਰਤਿਆ ਜਾਵੇਗਾ, ਪਰ ਹਰੇਕ ਵੋਟ ਕੇਂਦਰ ਦਾ ਸੰਭਾਵੀ ਤੌਰ 'ਤੇ ਇੱਕ ਵਿਉਂਤਿਆ ਖਾਕਾ ਹੀ ਹੋਵੇਗਾ।

### ਵੋਟਿੰਗ ਸੁਰੱਖਿਆ

ਵੋਟਰ ਡਾਟਾ ਦੀ ਗੁਪਤਤਾ, ਅਖੰਡਤਾ, ਅਤੇ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਲਈ ਸਾਰੇ ਜ਼ਰੂਰੀ ਤਰੀਕੇ ਅਪਣਾਏ ਜਾ ਰਹੇ ਹਨ। ਸਾਰਾ ਕਾਉਂਟੀ ਵੋਟਰ ਡਾਟਾ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਦੇ ਹੋਏ, ਜਿਨ੍ਹਾਂ ਨੂੰ ਡਾਟਾ ਦੀ ਸੁਰੱਖਿਆ ਲਈ ਹੀ ਬਣਾਇਆ ਗਿਆ ਹੈ, ਡਾਟਾਬੇਸ ਅਤੇ ਸਰਵਰ ਵਿੱਚ ਸਟੋਰ ਕੀਤਾ ਜਾਵੇਗਾ, ਅਤੇ ਇਹ ਕਾਉਂਟੀ ਸਟਾਫ਼ ਦੀ ਵਰਤੋਂ ਲਈ ਉਪਲਬਧ ਰਹੇਗਾ।

ਵੋਟਰਾਂ ਦੇ ਰਜਿਸਟਰਾਰ (ROV) ਦੇ ਮੁੱਖ ਦਫ਼ਤਰ ਵਿਖੇ, ਵੋਟਿੰਗ ਸਿਸਟਮ ਬਿਲਕੁਲ ਸੀਲ ਬੰਦ ਹੋਵੇਗਾ, ਜਿਸਦਾ ਮਤਲਬ ਹੈ ਕਿ ਬਾਹਰਲੇ ਨੈੱਟਵਰਕ ਤੱਕ ਉਸ ਦੀ ਕੋਈ ਪਹੁੰਚ ਨਹੀਂ ਹੋਵੇਗੀ। ਵੋਟਿੰਗ ਸਿਸਟਮ ਤੱਕ ਪਹੁੰਚ ਕਰਨ ਦਾ ਇੱਕ ਮਾਤਰ ਤਰੀਕਾ ਸਿਸਟਮ ਵਾਲੇ ਸਰਵਰ ਰੂਮ ਅੰਦਰ ਸਰੀਰਕ ਰੂਪ ਵਿੱਚ ਪ੍ਰਵੇਸ਼ ਕਰਨਾ ਹੈ। ਕੰਪਿਊਟਰ ਸੁਰੱਖਿਆ ਦੇ ਮੱਦੇਨਜ਼ਰ, ਜੇਕਰ ਸਟਾਫ਼ ਕੋਲ ਡੈਸਕਟਾਪ ਕੰਪਿਊਟਰ ਬੰਦ ਕਰਨ ਦਾ ਸਮਾਂ ਨਹੀਂ ਹੈ, ਤਾਂ ਉਹਨਾਂ ਨੂੰ Ctrl+Alt+Delete ਦੀ ਵਰਤੋਂ ਕਰਕੇ ਕੰਪਿਊਟਰ ਲਾੱਕ ਕਰ ਦੇਣਾ ਚਾਹੀਦਾ ਹੈ। ਇਸਦਾ ਕਾਰਨ ਇਹ ਹੈ ਕਿ ਸ਼ਾਇਦ ਪਾਵਰ ਬਟਨ ਨੂੰ ਸਿਰਫ਼ ਇੱਕ ਵਾਰ ਦੱਬਣਾ ਕਨੈਕਸ਼ਨ ਨੂੰ ਰੋਕਣ ਅਤੇ ਪੂਰੀ ਤਰ੍ਹਾਂ ਨਾਲ ਕੰਪਿਊਟਰ ਨੂੰ ਬੰਦ ਕਰਨ ਲਈ ਕਾਫ਼ੀ ਨਾ ਹੋਵੇ। ਜੇਕਰ ਬਿਜਲੀ ਨਹੀਂ ਹੈ ਤਾਂ, ਸਟਾਫ਼ ਨੂੰ ਕੰਪਿਊਟਰਾਂ ਨੂੰ ਬਿਹਤਰੀਨ ਤਰੀਕੇ ਨਾਲ ਸੰਭਾਲਣ ਸੰਬੰਧੀ ਮਦਦ ਡੈਸਕ ਤੋਂ ਆਉਣ ਵਾਲੇ ਨਿਰਦੇਸ਼ਾਂ ਦੀ ਉਡੀਕ ਕਰਨੀ ਚਾਹੀਦੀ ਹੈ।

ਵੋਟ ਕੇਂਦਰਾਂ ਵਿਖੇ, ਜਿਵੇਂ-ਜਿਵੇਂ ਵੋਟਰ ਵੋਟ ਕੇਂਦਰਾਂ 'ਤੇ ਆਉਂਦੇ ਜਾਣਗੇ, ਸਟਾਫ਼ ਕੋਲ ਸਾਰੇ ਵੋਟਰਾਂ ਲਈ ਰਜਿਸਟ੍ਰੇਸ਼ਨ ਡਾਟਾ ਅਤੇ ਵੋਟਰ ਇਤਿਹਾਸ ਦੀ ਲਗਭਗ ਅਸਲ ਸਮੇਂ ਦੀ ਜਾਣਕਾਰੀ ਤੱਕ ਪਹੁੰਚ ਹੋਵੇਗੀ। ਵੋਟ ਕੇਂਦਰਾਂ 'ਤੇ ਉਪਲਬਧ ਕਿਸੇ ਵੀ ਕਿਸਮ ਦੇ ਵੋਟਰ ਡਾਟੇ ਨੂੰ ਅਤੇ ਉਸ ਡਾਟੇ ਨੂੰ ਜਿਸਦਾ ਵੋਟ ਕੇਂਦਰਾਂ ਅਤੇ ਕਾਉਂਟੀ ਦੇ ਡਾਟਾ ਸਰਵਰਾਂ ਵਿਚਕਾਰ ਆਦਾਨ-ਪ੍ਰਦਾਨ ਹੋਇਆ ਹੈ, ਨਵੀਨਤਮ ਇਨਕ੍ਰਿਪਸ਼ਨ ਤਕਨਾਲੋਜੀ ਨਾਲ ਇਨਕ੍ਰਿਪਟ ਕੀਤਾ ਜਾਵੇਗਾ। ਵੋਟ ਕੇਂਦਰਾਂ ਦੀਆਂ ਕੁਝ ਖਾਸ ਚੋਣ ਡਿਵਾਈਸਾਂ ਅਤੇ ਉਪਕਰਣਾਂ ਨੂੰ ਹੀ ਵੋਟਰ ਡਾਟਾ ਤੱਕ ਪਹੁੰਚ ਦਿੱਤੀ ਜਾਵੇਗੀ ਅਤੇ ਸੰਚਾਰ ਵਿਚਲਾ ਅਤੇ ਬਾਕੀ ਦਾ ਡਾਟਾ ਇਨਕ੍ਰਿਪਟ ਕੀਤਾ ਜਾਵੇਗਾ। ਪਾਰਦਰਸ਼ਤਾ ਅਤੇ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਵਿੱਚ ਮਦਦ ਕਰਨ ਲਈ ਡਾਟਾ ਦੇ ਨਿਯਮਿਤ ਬੈਕਅੱਪ ਲਏ ਜਾਣਗੇ, ਅਤੇ ਨਾਲ ਹੀ ਵਰਤੋਂਕਾਰ ਅੰਤਰਕਿਰਿਆ ਅਤੇ ਕਾਰਵਾਈਵਾਂ ਦੀਆਂ ਪੈੜਾਂ ਦੀ ਇੱਕ ਵਿਸਤ੍ਰਿਤ ਲੇਖਾ-ਪੜਤਾਲ ਕੀਤੀ ਜਾਵੇਗੀ।

ਵੋਟ ਕੇਂਦਰਾਂ ਵਿਖੇ ਪੂਰੇ ਹੋਏ ਬੈਲਟਾਂ ਨੂੰ ਸਾਈਟ 'ਤੇ ਹੀ ਬੈਲਟ ਗਿਣਤੀ ਕਰਨ ਵਾਲੀਆਂ ਮਸ਼ੀਨਾਂ ਨਾਲ ਸਕੈਨ ਅਤੇ ਗਿਣਿਆ ਜਾਵੇਗਾ, ਜੋ ਕਿ ਕਿਸੇ ਵੀ ਨੈੱਟਵਰਕ ਨਾਲ ਕਨੈਕਟ ਨਹੀਂ ਹੁੰਦੀਆਂ। ਬੈਲਟ ਡਾਟਾ ਨੂੰ ਇਨਕ੍ਰਿਪਟ ਕਰਕੇ ਇੱਕ ਕਾਰਟ੍ਰਿਜ ਵਿੱਚ ਰੱਖਿਅਤ ਕੀਤਾ ਜਾਵੇਗਾ ਜਿਸ ਤੱਕ ਪਹੁੰਚ ਕਰਨ ਲਈ ਉਸਨੂੰ ਮਸ਼ੀਨ ਤੋਂ ਭੌਤਿਕ ਤੌਰ 'ਤੇ ਹਟਾਉਣਾ ਪਵੇਗਾ। ਹਰੇਕ ਬੈਲਟ ਗਿਣਤੀ ਕਰਨ ਵਾਲੀ ਮਸ਼ੀਨ ਦੀਆਂ ਕਾਰਟ੍ਰਿਜ ਨੂੰ ਚੋਣਾਂ ਵਾਲੇ ਦਿਨ ਵੋਟਿੰਗ ਬੰਦ ਹੋਣ ਤੋਂ ਬਾਅਦ ਰਾਤ 8 ਵਜੇ ROV ਦੇ ਮੁੱਖ ਦਫ਼ਤਰ ਵਾਪਸ ਭੇਜਿਆ ਜਾਵੇਗਾ ਤਾਂਕਿ ਰਿਕਾਰਡਿੰਗ ਕੀਤੀ ਜਾ ਸਕੇ।

ਪ੍ਰਾਪਤ ਕੀਤੇ ਗਏ ਡਾਕ ਰਾਹੀਂ ਵੋਟ (VBM) ਬੈਲਟ ROV ਦੇ ਮੁੱਖ ਦਫ਼ਤਰ ਵੱਲੋਂ ਇਕੱਤਰ ਕੀਤੇ ਜਾਂਦੇ ਹਨ ਅਤੇ ਗਿਣਤੀ ਹੋਣ ਤੱਕ ਇੱਕ ਸੁਰੱਖਿਅਤ ਬੈਲਟ ਕਮਰੇ ਵਿੱਚ ਸਟੋਰ ਕਰ ਕੇ ਰੱਖੇ ਜਾਂਦੇ ਹਨ। ਬੈਲਟਾਂ ਦੀ ਗਿਣਤੀ ਕਰਨ ਤੋਂ ਪਹਿਲਾਂ, VBM ਬੈਲਟ ਲਿਫਾਫਿਆਂ ਉੱਪਰਲੇ ਦਸਤਖ਼ਤਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ, ਤਾਂ ਕਿ ਇਹ ਪੱਕਾ ਕੀਤਾ ਜਾ ਸਕੇ ਕਿ ਹਰੇਕ ਬੈਲਟ ਇੱਕ ਰਜਿਸਟਰਡ ਵੋਟਰ ਦਾ ਹੀ ਹੈ। ਦਸਤਖ਼ਤਾਂ ਦੀ ਪੁਸ਼ਟੀ ਹੋਣ ਤੋਂ ਬਾਅਦ, ਬੈਲਟਾਂ ਨੂੰ ਕੱਢ ਕੇ ਪ੍ਰਿੰਸਿਕਟਾਂ ਦੇ ਅਨੁਸਾਰ ਕ੍ਰਮਬੱਧ ਕੀਤਾ ਜਾਂਦਾ ਹੈ ਅਤੇ ਫਿਰ ਉਹਨਾਂ ਨੂੰ ਗਿਣਤੀ ਲਈ ਸਪੁਰਦ ਕੀਤਾ ਜਾਂਦਾ ਹੈ। ਗਿਣਤੀ ਹੋਣ ਤੋਂ ਬਾਅਦ, ਬੈਲਟਾਂ ਨੂੰ ਪ੍ਰਿੰਸਿਕਟ ਅਨੁਸਾਰ ਇੱਕ ਅਲੱਗ ਸੁਰੱਖਿਅਤ ਟਿਕਾਣੇ 'ਤੇ ਸਟੋਰ ਕੀਤਾ ਜਾਂਦਾ ਹੈ।

ਜੇਕਰ ਕਿਸੇ ਸੰਕਟਕਾਲੀਨ ਸਥਿਤੀ ਪੈਦਾ ਹੋਣ ਕਰਕੇ, ਸਟਾਫ਼ ਨੂੰ ਉਸ ਇਮਾਰਤ ਤੋਂ ਬੈਲਟਾਂ ਨੂੰ ਹਟਾਉਣ ਦੀ ਲੋੜ ਪੈਂਦੀ ਹੈ, ਤਾਂ ਸਟਾਫ਼ ਨੂੰ ਪਹਿਲਾਂ ਬੌਕਸਾਂ, ਜਾਂ ਪੀਪਿਆਂ 'ਤੇ ਟੇਪ ਲਗਾ ਕੇ ਉਹਨਾਂ ਨੂੰ ਚੰਗੀ ਤਰ੍ਹਾਂ ਬੰਦ ਕਰਕੇ ਫਿਰ ਕਿਸੇ ਨਵੇਂ ਟਿਕਾਣੇ 'ਤੇ ਲਿਜਾਉਣਾ ਚਾਹੀਦਾ ਹੈ। ਜੇਕਰ ਉਹਨਾਂ ਨੂੰ ਇਮਾਰਤ ਤੋਂ ਹਟਾਇਆ ਨਹੀਂ ਜਾ ਸਕਦਾ, ਤਾਂ ਬੈਲਟਾਂ ਨੂੰ ਇੱਕ ਸੁਰੱਖਿਅਤ ਕਮਰੇ ਵਿੱਚ ਰੱਖਿਆ ਜਾਵੇਗਾ। ਖਾਲੀ ਜਾਂ ਉਹ ਬੈਲਟ ਜਿਨ੍ਹਾਂ ਨੂੰ ਜਾਰੀ ਨਹੀਂ ਕੀਤਾ ਗਿਆ ਸੀ, ਉੱਥੇ ਹੀ ਛੱਡ ਦਿੱਤੇ ਜਾਣੇ ਚਾਹੀਦੇ ਹਨ, ਜੇਕਰ ਉਹਨਾਂ ਨੂੰ ਹਟਾਉਣ ਦਾ ਸਮਾਂ ਨਹੀਂ ਹੈ। ਜੇਕਰ ਸਮਾਂ ਹੈ, ਤਾਂ ROV ਜਾਂ ਨਿਯਤ ਕੀਤਾ ਵਿਅਕਤੀ ਸਟਾਫ਼ ਨੂੰ ਇਹ ਦੱਸੇਗਾ ਕਿ ਖਾਲੀ ਜਾਂ ਉਹਨਾਂ ਬੈਲਟਾਂ ਨਾਲ ਜਿਨ੍ਹਾਂ ਨੂੰ ਜਾਰੀ ਨਹੀਂ ਕੀਤਾ ਗਿਆ, ਕੀ ਕਰਨਾ ਹੈ।

## ਸੈਕਸ਼ਨ 6 – ਬਜਟ

ਵੋਟਰਾਂ ਦੇ ਰਜਿਸਟਰਾਰ (ROV) ਵੱਲੋਂ ਇੱਕ ਬਜਟ ਅਤੇ ਲੋੜੀਂਦੇ ਸਰੋਤਾਂ ਵਾਸਤੇ ਇੱਕ ਯੋਜਨਾ ਬਣਾਈ ਗਈ ਹੈ, ਤਾਂ ਕਿ ਵੋਟ ਕੇਂਦਰ ਮਾਡਲ ਵੋਟਿੰਗ ਕਾਰਵਾਈ ਬਾਰੇ ਵੋਟਰਾਂ ਨੂੰ ਸੂਚਿਤ ਕਰਨ ਲਈ ਜਾਣਕਾਰੀ ਦਾ ਇੱਕ ਵੱਡਾ ਜਾਲ ਬਣਾਇਆ ਜਾ ਸਕੇ। ਪੋਲਿੰਗ ਸਥਾਨ ਮਾਡਲ ਅਧੀਨ ਹੋਈਆਂ ਪਿਛਲੀਆਂ ਦੋ ਚੋਣਾਂ ਲਈ, Santa Clara ਕਾਉਂਟੀ ਨੇ ਵਿਗਿਆਪਨਾਂ ਸਮੇਤ, ਵੋਟਰ ਸਿੱਖਿਆ ਅਤੇ ਪਹੁੰਚ ਪ੍ਰੋਗਰਾਮਾਂ ਲਈ ਔਸਤਨ ਤੌਰ 'ਤੇ ਲਗਭਗ $163,000 ਖ਼ਰਚੇ ਸਨ। ROV ਨੇ ਜੂਨ, 2018 ਦੀਆਂ ਚੋਣਾਂ ਲਈ ਲਗਭਗ $186,000 ਖ਼ਰਚੇ, ਜਦੋਂ ਕਿ

ਨਵੰਬਰ 2018 ਦੀਆਂ ਚੋਣਾਂ ਲਈ ਲਗਭਗ $140,000 ਖ਼ਰਚੇ ਗਏ ਸਨ। ਜੂਨ ਵਾਲੀਆਂ ਚੋਣਾਂ ਲਈ ਜ਼ਿਆਦਾ ਖਰਚ ਕੀਤਾ ਗਿਆ ਸੀ, ਕਿਉਂਕਿ ਉਸੇ ਸਾਲ ਜਨਵਰੀ ਵਿੱਚ, ਪੂਰੇ ਸਾਲ ਲਈ ਲੋੜੀਂਦਾ ਸਮਾਨ ਖਰੀਦ ਲਿਆ ਗਿਆ ਸੀ। ਨਵੰਬਰ ਦੀਆਂ ਚੋਣਾਂ ਵਾਸਤੇ ਹੋਰ ਕੋਈ ਵੀ ਵਾਧੂ ਸਮਾਨ, ਲੋੜ-ਮੁਤਾਬਕ ਖਰੀਦਿਆ ਗਿਆ ਸੀ। ਇਸ ਤੋਂ ਇਲਾਵਾ, ਜੂਨ ਦੀਆਂ ਚੋਣਾਂ ਲਈ ਪਹੁੰਚ ਪ੍ਰੋਗਰਾਮਾਂ ਦੀ ਮਿਆਦ ਜ਼ਿਆਦਾ ਲੰਬੀ ਸੀ, ਜਦ ਕਿ ਨਵੰਬਰ ਦੀਆਂ ਚੋਣਾਂ ਲਈ ਸਿਰਫ਼ ਜੂਨ ਤੋਂ ਲੈ ਕੇ ਨਵੰਬਰ ਤੱਕ ਦਾ ਹੀ ਸਮਾਂ ਸੀ। ਅੰਤਕਾ Q ਵਿੱਚ ਜੂਨ 2018 ਅਤੇ ਨਵੰਬਰ 2018 ਦੀਆਂ ਚੋਣਾਂ ਲਈ ਪਹੁੰਚ ਸੰਬੰਧੀ ਸਮਾਰੋਹਾਂ ਦੀ ਵੇਰਵੇ ਸਹਿਤ ਵੰਡ ਦਿੱਤੀ ਹੋਈ ਹੈ।

ਵੋਟਰ ਪਸੰਦ ਅਧਿਨਿਯਮ (VCA) ਦੇ ਲਾਗੂ ਹੋਣ ਨਾਲ, ਮਾਰਚ 2020 ਦੀਆਂ ਮੁਢਲੀਆਂ ਰਾਸ਼ਟਰਪਤੀ ਚੋਣਾਂ ਲਈ ਪਹੁੰਚ ਅਤੇ ਵਿਗਿਆਪਨ ਪ੍ਰੋਗਰਾਮਾਂ ਦਾ ਬਜਟ ਲਗਭਗ $3 ਮਿਲੀਅਨ ਤੱਕ ਵੱਧ ਗਿਆ ਤਾਂ ਜੋ ਜਨਤਾ ਨੂੰ ਉਹਨਾਂ ਦੇ ਨਵੇਂ ਵੋਟਿੰਗ ਵਿਕਲਪਾਂ ਬਾਰੇ ਸਿੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕੀਤਾ ਜਾ ਸਕੇ। ਪ੍ਰਸਤਾਵਿਤ ਬਜਟ ਵਿੱਚ ਸਟਾਫ਼ ਦੀ ਭਰਤੀ ਅਤੇ ਪਹੁੰਚ ਨਾਲ ਜੁੜੇ ਹੋਰ ਖ਼ਰਚੇ ਸ਼ਾਮਲ ਨਹੀਂ ਹਨ। VCA ਬਜਟ ਦੀ ਵੇਰਵੇ ਸਹਿਤ ਵੰਡ ਅਤੇ ਪਿਛਲੀਆਂ ਦੋ ਚੋਣਾਂ ਨਾਲ ਇਸਦੀ ਤੁਲਨਾ, ਹੇਠਾਂ ਦਿੱਤੀ ਸਾਰਨੀ ਵਿੱਚ ਦਿੱਤੀ ਗਈ ਹੈ:

| **ਕਾਰਵਾਈ** | **ਜੂਨ 2018 ਦੇ ਅਸਲ ਖ਼ਰਚੇ (ਪੋਲਿੰਗ ਸਥਾਨ ਮਾਡਲ)** | **ਨਵੰਬਰ 2018 ਦੇ ਅਸਲ ਖ਼ਰਚੇ (ਪੋਲਿੰਗ ਸਥਾਨ ਮਾਡਲ)** | **ਮਾਰਚ 2020 ਦਾ ਬਜਟ (ਵੋਟ ਕੇਂਦਰ ਮਾਡਲ)** |
|---|---|---|---|
| **ਕੁੱਲ ਵਿਗਿਆਪਨ ਖਰਚਾ** | **$165,521** | **$114,754** | **$1,048,900** |
| ਅਖਬਾਰਾਂ ਦੇ ਵਿਗਿਆਪਨ/ਰੇਡੀਓ ਸਪੌਟ/ਸੋਸ਼ਲ ਮੀਡੀਆ/ਪ੍ਰਿੰਟ ਵਿਗਿਆਪਨ | $165,521 | $114,754 | $418,900 |
| ਨਵੇਂ ਰੇਡੀਓ ਸਪੌਟ | | | $210,000 |
| ਖੇਡ ਫ਼ਰੈਨਚਾਇਜ਼ੀ | | | $420,000 |
| **ਪਹੁੰਚ ਪ੍ਰੋਗਰਾਮ ਦਾ ਕੁੱਲ ਖਰਚਾ** | **$20,478** | **$25,359** | **$1,837,015** |
| ਪਹੁੰਚ ਸੰਬੰਧੀ ਸਪਲਾਈਆਂ ਅਤੇ ਡਿਸਪਲੇ | $3,758 | $3,281 | $97,547 |
| ਸਮਾਰੋਹਾਂ 'ਤੇ ਪਹੁੰਚ ਪ੍ਰਾਪਤ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਚੀਜ਼ਾਂ (ਸਵੈਗ) | $11,611 | $12,436 | $162,513 |
| CBO ਵਿਤਰਨ ਲਈ ਪਹੁੰਚ ਪ੍ਰਾਪਤ ਕਰਨ ਲਈ ਦਿੱਤੀਆਂ ਜਾਣ ਵਾਲੀਆਂ ਚੀਜ਼ਾਂ | | | $120,180 |
| ਪਹੁੰਚ ਸੰਬੰਧੀ ਉਪਕਰਣ | | | $20,550 |
| ਕਾਊਂਟੀ ਪ੍ਰਿੰਟਸ਼ਾਪ/ਪ੍ਰਿੰਟ ਕੀਤੀਆਂ ਸਮੱਗਰੀਆਂ | $5,109 | $9,643 | $100,000 |
| ਵਾਹਨਾਂ ਦਾ ਕਿਰਾਇਆ ਅਤੇ ਤੇਲ ਦਾ ਖਰਚਾ | | | $16,225 |
| ਹਰੇਕ ਰਜਿਸਟਰਡ ਵੋਟਰ ਨੂੰ 2 ਸਿੱਧੀਆਂ ਡਾਕਾਂ | | | $1,320,000 |

ਇਸ ਸਮੇਂ ਕੋਈ ਵੀ ਅਨੁਮਾਨਿਤ ਘੱਟ-ਸਮੇਂ ਦੀਆਂ ਬਚਤਾਂ ਨਹੀਂ ਹਨ ਅਤੇ ਲੰਮੇ-ਸਮੇਂ ਦੀਆਂ ਬਚਤਾਂ ਸੰਬੰਧੀ ਅਨੁਮਾਨ ਇਸ ਸਮੇਂ ਅਗਿਆਤ ਹੈ।